# ਬਾਬਾਣੀਆਂ ਕਹਾਣੀਆਂ

## ਪੂਤ ਸਪੂਤ ਕਰੇਨਿ

ਐਡੀਸ਼ਨ
2024

ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ,
ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ,
ਤੇਲੀਬਾਂਧਾ, ਰਾਇਪੁਰ,
(ਛੱਤੀਸਗੜ੍ਹ)

BBS
GURUDWARA BABA BUDHA SAHEB

# ਬਾਬਾਣੀਆਂ ਕਹਾਣੀਆਂ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 951 ਉਪਰ ਤੀਸਰੀ ਨਾਨਕ ਜੋਤ ਗੁਰੂ ਅਮਰ ਦਾਸ ਜੀ ਦਾ ਰਾਗ ਰਾਮਕਲੀ ਵਿਚ ਫੁਰਮਾਨ ਹੈ:

"ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ॥"

ਇਸ ਦਾ ਬਿਲਕੁਲ ਸਪਸ਼ਟ ਅਰਥ ਹੈ ਕਿ ਪੂਰਨ ਗੁਰਸਿੱਖਾਂ ਦੀਆਂ ਜੀਵਨ ਕਹਾਣੀਆਂ ਪੁੱਤਰਾਂ ਨੂੰ ਸਪੁੱਤਰ ਬਣਾ ਦਿੰਦੀਆਂ ਹਨ। ਜੇ ਭਾਵ ਅਰਥ ਵਿਚਾਰੀਏ ਤਾਂ ਸਤਿਗੁਰੂ ਜੀ ਅਤੇ ਪੁਰਾਤਨ ਕਮਾਈ ਵਾਲੇ ਗੁਰਸਿੱਖਾਂ ਦੀਆਂ ਜੀਵਨ ਗਾਥਾਵਾਂ ਤੋਂ ਮਿਲਣ ਵਾਲੀ ਸਿਖਿਆ ਉਤੇ ਅਮਲ ਕਰਨ ਨਾਲ ਇਕ ਆਮ ਸ਼ਰਧਾਵਾਨ ਸਿੱਖ ਵੀ ਗੁਰਮੁੱਖ ਬਣ ਸਕਦਾ ਹੈ। ਇਸ ਪੁਸਤਕ 'ਬਾਬਾਣੀਆਂ ਕਹਾਣੀਆਂ' ਵਿਚ ਦਿਤੀਆਂ 'ਗੁਰਸਿੱਖ ਬਾਬਿਆਂ' ਦੀਆਂ ਜੀਵਨ ਗਾਥਾਵਾਂ ਸਾਡੇ ਪਤਿਤ ਹੋਕੇ ਏਧਰ ਓਧਰ ਭਟਕ ਰਹੇ ਬੱਚਿਆਂ ਨੂੰ ਸਿਖਿਆ ਦੇਣ ਲਈ ਜ਼ਰੂਰੀ ਹਨ, ਕਿਉਂਕਿ ਕਈ ਕਈ ਸਾਲਾਂ ਤੋਂ ਹੀ ਨਹੀ ਕਈ ਕਈ ਜਨਮਾਂ ਤੋਂ ਭਟਕ ਰਹੇ ਲੋਕਾਂ ਨੂੰ ਗੁਰੂ ਸਾਹਿਬ ਜੀ ਤੋਂ ਕੁਝ ਹੀ ਸਮੇਂ ਵਿਚ ਮਿਲੇ ਸੱਚ ਦੇ ਉਪਦੇਸ਼ ਨੇ ਉਹਨਾਂ ਦਾ ਨਾ ਕੇਵਲ ਜੀਵਨ ਹੀ ਪਲਟਿਆ ਬਲਕਿ ਉਨਾਂ ਨੂੰ ਗੁਰੂ ਘਰ ਦੇ ਮਹਾਨ ਗੁਰਸਿੱਖ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ।

ਇਸ ਪੁਸਤਕ ਵਿਚ ਵਰਤਮਾਨ ਕਾਲ (Present Tence) ਦਾ ਪ੍ਰਯੋਗ ਜ਼ਿਆਦਾ ਕੀਤਾ ਗਿਆ ਹੈ। ਗੁਰੂ ਸਾਹਿਬ ਜੀ ਦਾ ਸਿੱਖਾਂ ਨਾਲ ਸੰਵਾਦ ਅਤੇ ਲੋਕਾਂ ਦੀ ਆਪਸੀ ਗੱਲਬਾਤ ਤੋਂ ਅਜਿਹਾ ਲਗਦਾ ਹੈ ਕਿ ਇਹ ਸਾਰੀਆਂ ਘਟਨਾਵਾਂ ਵਰਤਮਾਨ ਵਿਚ ਹੋ ਰਹੀਆਂ ਹਨ। ਇਸ ਨਾਲ ਸਾਖੀ ਰੌਚਕ ਤਾਂ ਲਗਦੀ ਹੀ ਹੈ ਬਲਿਕ ਇਸ ਨੂੰ ਯਾਦ ਰੱਖਣਾ ਵੀ ਸੌਖਾ ਹੋ ਜਾਂਦਾ ਹੈ। ਇਹ ਪੁਸਤਕ ਬੱਚਿਆਂ ਦੇ ਸਿਲੇਬਸ ਲਈ ਹੀ ਨਹੀਂ ਬਲਿਕ ਵੱਡਿਆਂ ਨੂੰ ਵੀ ਇਤਿਹਾਸ ਨਾਲ ਜੋੜਨ ਵਿਚ ਸਹਾਇਕ ਸਿੱਧ ਹੋਵੇਗੀ।

'ਸਿੰਘ ਜੀ'

# ਭਾਈ ਭਗੀਰਥ ਜੀ

ਸੰਨ 1495-96 ਈਸਵੀ ਦਾ ਸਮਾਂ ਹੈ । ਪਰਮ ਪਿਤਾ ਗੁਰੂ ਨਾਨਕ ਸਾਹਿਬ ਜੀ ਇਸ ਸਮੇਂ ਸੁਲਤਾਨਪੁਰ ਵਿਚ ਆਪਣੀ ਭੈਣ ਬੇਬੇ ਨਾਨਕੀ ਜੀ ਕੋਲ ਬਿਰਾਜ ਰਹੇ ਹਨ। ਸੁਲਤਾਨਪੁਰ ਦਿੱਲੀ ਦਰਬਾਰ ਹੇਠ ਆਂਉਦੀ ਇਕ ਵੱਡੀ ਰਿਆਸਤ ਹੈ। ਇਸ ਉਪਰ ਇਸ ਸਮੇਂ ਨਵਾਬ ਦੌਲਤ ਖਾਨ ਲੋਧੀ ਦੀ ਹਕੂਮਤ ਹੈ। ਗੁਰੂ ਨਾਨਕ ਸਾਹਿਬ ਦੇ ਭਣੋਈਆ (ਜੀਜਾ ਜੀ) ਜਿਹਨਾਂ ਦਾ ਨਾਮ ਜੈ ਰਾਮ ਜੀ ਹੈ, ਪਰ ਸਾਰੇ ਸਤਿਕਾਰ ਨਾਲ ਭਾਈਆ ਜੀ ਕਹਿੰਦੇ ਹਨ। ਭਾਈਆ ਜੈ ਰਾਮ ਜੀ ਨਵਾਬ ਦੇ ਸਟਾਫ਼ ਵਿਚ ਉੱਚ ਅਫ਼ਸਰ ਦੇ ਪਦ ਉਪਰ ਤਾਇਨਾਤ ਹਨ। ਉਹਨਾਂ ਦੀ ਸਿਫਾਰਿਸ਼ ਉਪਰ ਨਵਾਬ ਨੇ ਆਪਣੇ ਮੋਦੀ ਖਾਨੇ ਦਾ ਚਾਰਜ ਗੁਰੂ ਨਾਨਕ ਸਾਹਿਬ ਨੂੰ ਦਿੱਤਾ ਹੋਇਆ ਹੈ।

ਮੋਦੀ ਖਾਨੇ ਦੇ ਇੰਚਾਰਜ ਨੂੰ ਮੋਦੀ ਆਖਿਆ ਜਾਂਦਾ ਹੈ। ਇਕ ਵੱਡੇ ਭੁਲੇਖੇ ਵਿਚ ਗੁਰੂ ਸਾਹਿਬ ਜੀ ਦੀ ਮੋਦੀਖਾਨੇ ਦੀ ਨੌਕਰੀ ਨੂੰ ਇਕ ਛੋਟੀ ਦੁਕਾਨ ਦੀ ਨੌਕਰੀ ਹੀ ਸਮਝਿਆ ਜਾਂਦਾ ਹੈ। ਕਿਉਂਕਿ ਮੋਦੀਖਾਨੇ ਦੀ ਸਾਖੀ ਵਿਚ ਸਿਰਫ ਤੇਰਾਂ ਤੇਰਾਂ ਤੋਲਣ ਦਾ ਜ਼ਿਕਰ ਜ਼ਿਆਦਾ ਮਸ਼ਹੂਰ ਹੈ। ਅਸਲ ਵਿਚ ਉਸ ਸਮੇਂ ਮੋਦੀ ਦਾ ਅਹੁਦਾ ਅੱਜ ਦੇ ਫਾਈਨੈਂਸ ਸੈਕਟਰੀ ਅਤੇ ਰੈਵਨਿਊ ਸੈਕਟਰੀ ਤੋਂ ਵੀ ਵੱਡਾ ਸੀ। ਰਾਸ਼ਨ ਅਤੇ ਹੋਰ ਜਿਣਸਾਂ ਜਿਵੇਂ ਕਣਕ, ਮੱਕੀ, ਚਾਵਲ, ਜਵਾਰ, ਬਾਜਰਾ ਆਦਿ ਨੂੰ ਤੋਲਣ ਲਈ ਤਾਂ ਗੁਰੂ ਸਾਹਿਬ ਜੀ ਨੂੰ ਬਹੁਤ ਸਾਰੇ ਵਰਕਰ ਮਿਲੇ ਹੋਏ ਸਨ। ਉਹਨਾਂ ਦਾ ਅਸਲ ਕੰਮ ਤਾਂ ਰਿਆਸਤ ਦੇ ਅਧੀਨ ਆਉਂਦੇ ਪਰਗਨਿਆਂ, ਪਿੰਡਾਂ ਅਤੇ ਸ਼ਹਿਰਾਂ ਦੇ ਚੌਧਰੀਆਂ ਤੋਂ ਮਾਲੀਆ (ਟੈਕਸ) ਲੈ ਕੇ ਮੋਦੀ ਖਾਨੇ ਵਿਚ ਜਮਾਂ ਕਰਨਾ, ਮਾਲੀਏ ਦਾ ਹਿੱਸਾ ਦਿੱਲੀ ਦਰਬਾਰ ਨੂੰ ਭੇਜਣਾ, ਲੋਕ ਭਲਾਈ ਦੇ ਕੰਮਾਂ ਲਈ ਫੰਡਾਂ ਦਾ ਪ੍ਰਬੰਧ ਕਰਨਾ ਅਤੇ ਉਹਨਾਂ ਦਾ ਹਿਸਾਬ ਰੱਖਣਾ, ਨਵਾਬ ਦੇ ਮਹਿਲਾਂ ਅਤੇ ਹੋਰ ਅਹਿਲਕਾਰਾਂ ਨੂੰ ਰਾਸ਼ਨ ਭੇਜਣਾ ਅਤੇ ਪੂਰੇ ਸਟਾਫ ਨੂੰ ਤਨਖਾਹਾਂ ਦੇਣਾ ਸੀ। ਇਹ ਕੰਮ ਹੋਰ ਵੀ ਔਖਾ ਸੀ ਕਿਉਂਕਿ ਮਾਲੀਏ ਦਾ ਸਾਰਾ ਲੈਣ / ਦੇਣ ਜਿਣਸਾਂ ਦੇ ਰੂਪ ਵਿਚ ਹੀ ਹੁੰਦਾ ਸੀ। ਸਟਾਫ ਨੂੰ ਤਨਖਾਹਾਂ ਵੀ ਕੁਝ ਜਿਣਸ ਅਤੇ ਕੁਝ ਨਕਦੀ ਦੇ ਰੂਪ ਵਿਚ ਦਿਤੀਆਂ ਜਾਂਦੀਆਂ ਸਨ। ਲੋੜ ਅਨੁਸਾਰ ਵਪਾਰੀ ਲੋਕ ਵੀ ਮੋਦੀਖਾਨੇ ਤੋਂ ਜਿਣਸਾਂ ਖਰੀਦਦੇ ਅਤੇ ਵੇਚਦੇ ਸਨ। ਮੋਦੀ ਨੂੰ ਕਈ ਵਾਰੀ ਸਰਕਾਰੀ ਦੌਰੇ ਤੇ ਦੂਜੇ ਪਿੰਡਾਂ ਨਗਰਾਂ ਵਿਚ ਵੀ ਜਾਣਾ ਪੈਂਦਾ ਸੀ।

ਮੋਦੀਖਾਨੇ ਦਾ ਪ੍ਰਬੰਧ ਗੁਰੂ ਸਾਹਿਬ ਜੀ ਨੇ ਬੜੇ ਸੁਚੱਜੇ ਢੰਗ ਨਾਲ ਸੰਭਾਲਿਆ ਹੋਇਆ ਹੈ। ਸਰਕਾਰੀ ਕੰਮਾਂ ਲਈ ਚੌਧਰੀ, ਅਹਿਲਕਾਰ ਅਤੇ ਜਨਤਾ ਮੋਦੀ (ਗੁਰੂ ਨਾਨਕ ਸਾਹਿਬ) ਕੋਲ ਆਉਂਦੇ ਰਹਿੰਦੇ ਹਨ। ਗੁਰੂ ਸਾਹਿਬ ਸਾਰੇ ਕੰਮਾਂ ਨੂੰ ਆਪਣੇ ਅਧੀਨ ਕੰਮ ਕਰਦੇ ਤੋਲਿਆਂ (ਜਿਣਸਾਂ ਤੋਲਣ ਵਾਲੇ ਵਰਕਰਾਂ) ਤੋਂ ਜਲਦੀ ਅਤੇ ਪੂਰੇ ਤੋਲ ਅਧੀਨ ਕਰਵਾ ਦਿੰਦੇ ਹਨ। ਸਰਕਾਰੀ ਕੰਮ ਬੜੇ ਹੀ ਸੁਖਾਂਵੇਂ ਮਾਹੌਲ ਵਿਚ ਚੱਲ ਰਿਹਾ ਹੈ। ਨਵਾਬ ਦੇ ਅਧੀਨ ਆਉਂਦੇ ਚੌਧਰੀ ਅਤੇ ਅਹਿਲਕਾਰ ਖੁਸ਼ ਹਨ ਕਿ ਉਹਨਾਂ ਤੋਂ ਮਾਲੀਆ ਜ਼ਿਆਦਾ ਨਹੀਂ ਲਿਆ ਜਾਂਦਾ। ਵਪਾਰੀ ਅਤੇ ਸਰਕਾਰੀ ਸਟਾਫ ਖੁਸ਼ ਹੈ ਕਿ ਉਹਨਾਂ ਨੂੰ ਘੱਟ ਨਹੀਂ ਦਿਤਾ ਜਾਂਦਾ। ਗੁਰੂ ਸਾਹਿਬ ਜੀ ਤੋਂ ਪਹਿਲਾਂ ਵਾਲੇ ਮੋਦੀਆਂ ਦੇ ਸਮੇਂ ਵੱਧ ਘੱਟ ਲੈਣ ਦੇਣ ਦੀ ਰਿਸ਼ਵਤਖੋਰੀ ਚਲਦੀ ਰਹਿੰਦੀ ਸੀ, ਪਰ ਗੁਰੂ ਸਾਹਿਬ ਜੀ ਅਜਿਹਾ ਨਹੀਂ ਹੋਣ ਦਿੰਦੇ ਸਨ।

ਕੁਝ ਸਮੇਂ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਤਲਵੰਡੀ ਤੋਂ ਆਪਣੀ ਸੁਪਤਨੀ ਮਾਤਾ ਸੁਲੱਖਣੀ ਜੀ ਅਤੇ ਭਾਈ ਮਰਦਾਨਾ ਜੀ ਨੂੰ ਵੀ ਸੁਲਤਾਨਪੁਰ ਬੁਲਾ ਲਿਆ। ਇਥੇ ਵੀ ਗੁਰੂ ਸਾਹਿਬ ਜੀ ਨੇ 'ਸੱਚ' ਦਾ ਉਪਦੇਸ਼ ਦੇਣ ਅਤੇ ਸੱਚੇ ਪ੍ਰਮਾਤਮਾ ਨਾਲ ਜੋੜਨ ਲਈ 'ਸਤਿ ਸੰਗਤ' ਕਰਨੀ ਸ਼ੁਰੂ ਕਰ ਦਿੱਤੀ। ਉਹ ਅੰਮ੍ਰਿਤ ਵੇਲੇ ਉਠਦੇ। ਸੁਲਤਾਨਪੁਰ ਦੇ ਨੇੜੇ ਵਗਦੀ ਵੇਂਈ ਨਦੀ ਵਿਚ ਇਸ਼ਨਾਨ ਕਰਦੇ। ਸੂਰਜ ਨਿਕਲਣ ਤੱਕ ਵੇਂਈ ਦੇ ਕੰਢੇ ਪ੍ਰਮਾਤਮਾਂ ਦੀ ਬੰਦਗੀ ਕਰਦੇ। ਫਿਰ ਮੋਦੀਖਾਨੇ ਦੀ ਡਿਊਟੀ ਕਰਦੇ। ਮੋਦੀਖਾਨੇ ਤੋਂ ਵੇਹਲ ਦੇ ਸਮੇਂ ਵਿਚ ਮੋਦੀਖਾਨੇ ਦੇ ਬਾਹਰ ਖੁਲੀ ਥਾਂ ਤੇ ਸਤਿਸੰਗ ਕਰਦੇ। ਰਾਤ ਨੂੰ ਆਪਣੇ ਘਰ ਸੰਗਤਾਂ ਨੂੰ ਉਪਦੇਸ਼ ਦਿੰਦੇ। ਆਏ ਹੋਏ ਸਾਧੂ ਸੰਤਾਂ ਦੇ ਲਈ ਲੰਗਰ ਦਾ ਪ੍ਰਬੰਧ ਕਰਦੇ। ਇਹ ਨਿਤ ਦਾ ਨੇਮ ਹੈ ਗੁਰੂ ਸਾਹਿਬ ਜੀ ਦਾ। ਕਈ ਵਾਰ ਛੁੱਟੀ ਦੇ ਦੌਰਾਨ ਆਸ ਪਾਸ ਦੇ ਪਿੰਡਾਂ ਵਿਚ ਵੀ ਪ੍ਰਚਾਰ ਕਰਨ ਲਈ ਚਲੇ ਜਾਂਦੇ।

ਸਰਕਾਰੀ ਕੰਮਾਂ ਲਈ ਆਏ ਲੋਕ ਅਤੇ ਮਾਲੀਆ ਆਦਿ ਜਮਾਂ ਕਰਾਉਣ ਆਏ ਚੌਧਰੀ ਅਤੇ ਅਹਿਲਕਾਰ ਵੀ ਸਤਿਸੰਗ ਵਿਚ ਜੁੜ ਬੈਠਦੇ। ਅਜਿਹੇ ਹੀ ਇਕ ਦਿਨ ਸੰਗਤ ਵਿਚ ਚੌਧਰੀ ਭਗੀਰਥ ਵੀ ਬੈਠਾ ਹੈ। ਭਾਈ ਮਰਦਾਨਾ ਜੀ ਨੇ ਰਬਾਬ ਛੇੜੀ ਹੋਈ ਹੈ। ਗੁਰੂ ਸਾਹਿਬ ਜੀ ਦੇ ਸੋਹਣੇ ਮੁਖੜੇ ਤੋਂ ਆਸਾ ਰਾਗ ਵਿਚ ਇਲਾਹੀ ਬਾਣੀ ਦਾ ਉਤਾਰਾ ਹੋ ਰਿਹਾ ਹੈ:

'ਪੇਵਕੜੈ ਧਨ ਖਰੀ ਇਆਣੀ॥ ਤਿਸ ਸਹ ਕੀ ਮੈ ਸਾਰ ਨਾ ਜਾਣੀ॥


ਸਹੁ ਮੇਰਾ ਏਕ ਦੂਜਾ ਨਹੀ ਕੋਈ॥ ਨਦਰ ਕਰੇ ਮੇਲਾਵਾ ਹੋਈ॥ਰਹਾਉ॥(ਪਾਵਨ ਅੰਗ 357)

ਭਗੀਰਥ ਅੱਜ ਇਕ ਸਰਕਾਰੀ ਅਫ਼ਸਰ (ਮੋਦੀ) ਦੇ ਮੂੰਹ ਤੋਂ ਸੱਚੇ ਪ੍ਰਭੂ ਦੀ ਸਿਫ਼ਤ ਸੁਣ ਕੇ ਅਜੀਬ ਜਿਹੀ ਮਸਤੀ ਵਿਚ ਝੂਮ ਰਿਹਾ ਹੈ। ਭਗੀਰਥ ਮਲਸੀਹਾਂ ਪਿੰਡ ਦਾ ਚੌਧਰੀ ਹੈ। ਇਹ ਪਿੰਡ ਸੁਲਤਾਨ ਪੁਰ ਤੋਂ ਕੋਈ 12-13 ਮੀਲ ਦੀ ਦੂਰੀ ਤੇ ਹੈ। ਆਮ ਤੌਰ ਤੇ ਚੌਧਰੀ ਲੋਕ ਅਮੀਰੀ ਠਾਠ ਕਾਰਨ ਖਾਣ ਪੀਣ ਦੇ ਸ਼ੌਕੀਨ ਹੁੰਦੇ ਹਨ। ਰੰਗ ਰਸ ਵਿਚ ਮਸਤ ਹੁੰਦੇ ਹਨ, ਪਰ ਇਹ ਭਗੀਰਥ ਭਲਾ ਇਨਸਾਨ ਹੈ। ਇਹ ਇਨਸਾਫ਼ ਪਸੰਦ ਹੈ। ਇਸ ਨੂੰ ਮਨ ਦੀ ਸ਼ਾਂਤੀ ਦੀ ਭਾਲ ਰਹਿੰਦੀ ਹੈ। ਧਾਰਮਿਕ ਬਿਰਤੀ ਹੋਣ ਕਾਰਨ ਲੋਕ ਭਲਾਈ ਦੇ ਕੰਮ ਵੀ ਕਰਦਾ ਹੈ। ਇਸ ਕਰਕੇ ਇਹ ਪਿੰਡ ਵਿਚ ਆਏ ਸਾਧੂ ਸੰਤਾਂ ਦੀ ਸੇਵਾ ਕਰਦਾ ਹੈ। 3-4 ਸਾਲ ਪਹਿਲਾਂ ਇਕ ਜੋਗੀ ਇਸ ਨੂੰ ਕਾਲੀ ਮਾਤਾ ਦੀ ਮੂਰਤੀ ਦੇ ਗਿਆ ਹੈ। ਤੰਤਰ ਮੰਤਰ ਦੀ ਜੁਗਤੀ ਦੱਸ ਕੇ ਮਾਤਾ ਦੀ ਪੂਜਾ ਕਰਨੀ ਸਿਖਾ ਗਿਆ ਹੈ। ਉਸ ਸਮੇਂ ਤੋਂ ਹੀ ਚੌਧਰੀ ਭਗੀਰਥ ਉਸ ਦੀ ਦੱਸੀ ਜੁਗਤ ਅਨੁਸਾਰ ਮਾਤਾ ਦੀ ਪੂਜਾ ਅਰਚਨਾ ਕਰ ਰਿਹਾ ਹੈ। ਕਿਸੇ ਸਮੇਂ ਮਨ ਜੁੜ ਵੀ ਜਾਂਦਾ ਹੈ। ਪਰ ਜ਼ਿਆਦਾ ਸਮਾਂ ਮਨ ਭਟਕਦਾ ਹੀ ਰਹਿੰਦਾ ਹੈ। ਪਰ ਅੱਜ ਹੋਏ ਡੇਢ ਦੋ ਘੰਟੇ ਦੇ ਸਤਿਸੰਗ ਨੇ ਜਿਵੇਂ ਅੰਦਰ ਦਾ ਹਿਰਦਾ ਠਾਰ ਦਿੱਤਾ ਹੈ। ਗੁਰੂ ਸਾਹਿਬ ਜੀ ਦੇ ਮੁੱਖ ਤੋਂ ਸੁਣੇ ਬੋਲਾਂ ਨੂੰ ਉਹ ਬਾਰ ਬਾਰ ਗੁਣਗੁਣਾਈ ਜਾ ਰਿਹਾ ਹੈ।

ਇਕ ਦਿਨ ਗੁਰੂ ਨਾਨਕ ਸਾਹਿਬ ਜੀ ਮਰਦਾਨੇ ਨੂੰ ਨਾਲ ਲੈ ਕੇ ਮਲਸੀਂਹਾਂ ਪਿੰਡ ਵਿਚ ਪਹੁੰਚ ਜਾਂਦੇ ਹਨ। ਚੌਧਰੀ ਭਗੀਰਥ ਨੂੰ ਜਦੋਂ ਇਹ ਪਤਾ ਲੱਗਾ ਕਿ ਰਿਆਸਤ ਦੇ ਮੋਦੀ ਸਾਹਿਬ ਦੌਰੇ ਤੇ ਆਏ ਹਨ ਤਾਂ ਉਸਨੇ ਆਪਣੇ ਸੇਵਾਦਾਰਾਂ ਨੂੰ ਮੋਦੀ ਸਾਹਿਬ ਦੀ ਪੂਰੀ ਸੇਵਾ ਟਹਿਲ ਕਰਨ ਦਾ ਹੁਕਮ ਦੇ ਦਿਤਾ ਕਿਉਂਕਿ ਪਹਿਲਾਂ ਰਹੇ ਮੋਦੀ ਆਪਣੀ ਪੂਰੀ ਖੁਸ਼ਾਮਦ ਕਰਵਾਂਉਂਦੇ ਸਨ। ਆਪ ਉਹ ਅੱਗੇ ਹੋ ਕੇ ਉਹਨਾਂ ਨੂੰ ਆਪਣੀ ਹਵੇਲੀ ਵਿਚ ਲੈ ਆਇਆ। ਪਰ ਗੁਰੂ ਸਾਹਿਬ ਦਾ ਇਹ ਸਰਕਾਰੀ ਦੌਰਾ ਨਹੀਂ ਹੈ। ਅੱਜ

ਤਾਂ ਖੇਡ ਕੁਝ ਹੋਰ ਹੀ ਬਣਨੀ ਹੈ। ਉਹਨਾਂ ਚੌਧਰੀ ਨੂੰ ਕਿਹਾ ਕਿ ਅੱਜ ਅਸੀਂ ਸਰਕਾਰ ਦੇ ਨਹੀਂ ਬਲਕਿ ਕੁਝ ਸਮਾਂ 'ਸੱਚੀ ਸਰਕਾਰ' ਭਾਵ ਪ੍ਰਮਾਤਮਾ ਦੇ ਗੁਣ ਗਾਇਨ ਕਰਨੇ ਹਨ। ਅੱਜ ਰਾਤ ਆਪ ਦੇ ਪਿੰਡ ਵਿਚ ਸਤਿਸੰਗ ਕਰਨ ਦਾ ਵਿਚਾਰ ਹੈ ਸਾਡੇ ਮਨ ਵਿਚ। ਇਸ ਲਈ ਪਿੰਡ ਵਿਚ ਸੁਨੇਹਾ ਭਿਜਵਾ ਦਿਓ ਕਿ ਰਾਤ ਨੂੰ ਕੀਰਤਨ ਉਪਦੇਸ਼ ਹੋਵੇਗਾ।

ਰਾਤ ਨੂੰ ਸੰਗਤ ਜੁੜੀ। ਕੀਰਤਨ ਹੋਇਆ। ਲੋਕਾਂ ਨੂੰ ਸੱਚ ਦੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ ਗਿਆ। ਰਾਤ ਦਾ ਵਿਸਰਾਮ ਗੁਰੂ ਸਾਹਿਬ ਨੇ ਭਗੀਰਥ ਦੀ ਹਵੇਲੀ ਵਿਚ ਹੀ ਕੀਤਾ। ਪਹਿਰ ਰਾਤ ਰਹਿੰਦੀ ਗੁਰੂ ਜੀ ਉਠੇ। ਭਗੀਰਥ ਉਹਨਾਂ ਦੀ ਸੇਵਾ ਲਈ ਜਾਗ ਹੀ ਰਿਹਾ ਸੀ। ਉਸ ਨੇ ਜਲ ਲਿਆ ਕੇ ਗੁਰੂ ਸਾਹਿਬ ਨੂੰ ਇਸ਼ਨਾਨ ਕਰਵਾਇਆ। ਗੁਰੂ ਜੀ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਹੋ ਗਏ। ਉਸੇ ਸਮੇਂ ਭਗੀਰਥ ਦੀ ਨਜ਼ਰ ਇਕ ਇਸਤਰੀ ਤੇ ਪੈਂਦੀ ਹੈ ਜੋ ਉਥੇ ਝਾੜੂ ਕਰ ਰਹੀ ਹੈ। ਪਹਿਲਾਂ ਤਾਂ ਚੌਧਰੀ ਨੇ ਸੋਚਿਆ ਕਿ ਇਹ ਕੋਈ ਉਸ ਦੀ ਹਵੇਲੀ ਦੀ ਸਫਾਈ ਕਰਨ ਵਾਲੀ ਦਾਸੀ ਹੈ। ਪਰ ਜਦੋਂ ਉਸ ਦਾ ਮੂੰਹ ਇਸ ਵੱਲ ਹੁੰਦਾ ਹੈ ਤਾਂ ਇਸ ਨੇ ਦੇਖਿਆ ਕਿ ਇਹ ਤਾਂ ਉਹੀ 'ਦੇਵੀ' ਹੈ ਜਿਸਦੀ ਉਹ ਪੂਜਾ ਕਰਦਾ ਹੈ। ਪਰ ਫਿਰ ਵੀ ਭੁਲੇਖਾ ਦੂਰ ਕਰਨ ਲਈ ਪੁੱਛਦਾ ਹੈ 'ਤੂੰ ਕੌਣ ਹੈਂ?' ਉਸ ਨੇ ਆਖਿਆ,"ਚੌਧਰੀ, ਮੈਂ ਕਾਲੀ ਦੇਵੀ, ਜਿਸਦੀ ਤੂੰ ਅਰਾਧਨਾ ਕਰਦਾ ਹੈਂ"। ਭਗੀਰਥ ਬਹੁਤ ਹੈਰਾਨ ਹੋਇਆ ਤੇ ਬੋਲਿਆ,'ਤੂੰ ਤਾਂ ਜਗਤ ਮਾਤਾ ਹੈਂ। ਦੁਨੀਆਂ ਤੇਰੀ ਪੂਜਾ ਕਰਦੀ ਹੈ। ਤੂੰ ਇਥੇ ਮੇਰੀ ਹਵੇਲੀ ਵਿਚ ਝਾੜੂ ਕਿਉਂ ਲਗਾ ਰਹੀ ਹੈਂ? ਕੀ ਮੇਰੀ ਅਰਾਧਨਾ ਸਫ਼ਲ ਹੋਈ ਹੈ?' ਦੇਵੀ ਨੇ ਉਤਰ ਦਿਤਾ,"ਤੇਰੀ ਅਰਾਧਨਾ ਤਾਂ ਅਜੇ ਮੇਰੇ ਨੇੜੇ ਤੇੜੇ ਵੀ ਨਹੀਂ। ਪਰ ਅੱਜ ਜੋ ਤੇਰੀ ਹਵੇਲੀ ਵਿਖੇ ਬਿਰਾਜ ਰਹੇ ਹਨ ਗੁਰੂ ਨਾਨਕ ਸਾਹਿਬ ਜੀ, ਉਹ ਪ੍ਰਮੇਸ਼ਰ ਦਾ ਰੂਪ ਹਨ। ਆਪ ਹੀ ਨਾਰਾਇਣ ਹਨ। ਆਪ ਹੀ ਬ੍ਰਹਮ ਹਨ। ਮੈਂ ਇਹਨਾਂ ਦੀ ਸੇਵਾ ਕਰਕੇ ਹੀ ਸ਼ਕਤੀਵਾਨ ਹੁੰਦੀ ਹਾਂ। ਇਹੀ ਸ਼ਕਤੀ ਮੈਂ ਅੱਗੇ ਵੰਡ ਦਿੰਦੀ ਹਾਂ"।



ਇਸ ਕੌਤਕ ਨੂੰ ਵੇਖ ਕੇ ਉਸ ਦਾ ਇਹ ਭਰੋਸਾ ਬਣ ਗਿਆ ਕਿ ਕਲਯੁੱਗ ਵਿਚ ਕਲਿਆਣ ਦੀ ਪ੍ਰਾਪਤੀ ਗੁਰੂ ਸਾਹਿਬ ਜੀ ਤੋਂ ਹੀ ਹੋ ਸਕਦੀ ਹੈ। ਆਪਣੇ ਇਸੇ ਭਰੋਸੇ ਦੇ ਕਾਰਨ ਚੌਧਰੀ ਭਗੀਰਥ ਨੇ ਹੁਣ ਜਿਆਦਾ ਸਮਾਂ ਸੁਲਤਾਨ ਪੁਰ ਹੀ ਰਹਿਣਾ ਸ਼ੁਰੂ ਕਰ ਦਿਤਾ ਹੈ। ਉਹ ਸਤਿਸੰਗ ਵਿਚ ਜੁੜਦਾ ਹੈ। ਸਿਮਰਨ ਦੀ ਦਾਤ ਗੁਰੂ ਸਾਹਿਬ ਨੇ ਬਖਸ਼ ਦਿਤੀ ਹੋਈ ਹੈ। ਹਰ ਸਮੇਂ ਗੁਰੂ ਸਾਹਿਬ ਦੀ ਸੇਵਾ ਵਿਚ ਤੱਤਪਰ ਰਹਿੰਦਾ ਹੈ। ਅੰਮ੍ਰਿਤ ਵੇਲੇ ਉੱਠਦਾ ਹੈ। ਗੁਰੂ ਸਾਹਿਬ ਦੇ ਨਾਲ ਹੀ ਵੇਂਈ ਨਦੀ ਤੇ ਜਾਂਦਾ

ਹੈ। ਉਹਨਾਂ ਦੇ ਬਸਤਰ ਲੈ ਜਾਂਦਾ ਹੈ। ਜਦੋਂ ਗੁਰੂ ਸਾਹਿਬ ਰਸ ਮਗਨ ਹੁੰਦੇ ਹਨ, ਬਿਰਤੀ ਜੋੜ ਲੈਂਦੇ ਹਨ ਤਾਂ ਆਪ ਵੀ ਇਸ਼ਨਾਨ ਕਰਕੇ ਥੋੜੀ ਦੂਰ ਜਾ ਕੇ ਗੁਰੂ ਸਾਹਿਬ ਤੋਂ ਮਿਲੇ ਨਾਮ ਦਾ ਅਭਿਆਸ ਕਰਦਾ ਹੈ। ਦਿਨ ਸੰਗਤਾਂ ਦੀ ਸੇਵਾ ਵਿਚ ਬਤੀਤ ਕਰਦਾ ਹੈ। ਮੋਦੀ ਖਾਨੇ ਵਿਚ ਵੀ ਗੁਰੂ ਜੀ ਦੇ ਨਾਲ ਹੀ ਚਲਾ ਜਾਂਦਾ ਹੈ। ਸਰਕਾਰੀ ਰੁਝੇਂਵੇਂ ਤੋਂ ਬਾਅਦ ਗੁਰੂ ਜੀ ਕੋਲ ਲੋੜਵੰਦ ਆਉਂਦੇ ਹਨ। ਗੁਰੂ ਜੀ ਸੱਭ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਦੁੱਖ ਦੂਰ ਕਰਦੇ ਹਨ। ਸਰੀਰ ਦੀ ਖੁਰਾਕ ਲਈ ਰਾਸ਼ਨ ਤਾਂ ਦਿੰਦੇ ਹੀ ਹਨ, ਮਨ ਦੀ ਖੁਰਾਕ ਲਈ ਨਾਮ ਦਾ ਉਪਦੇਸ਼ ਵੀ ਦਿੰਦੇ ਹਨ। ਜਦੋਂ ਇਥੇ ਸਤਿਸੰਗ ਜੁੜਦਾ ਹੈ ਤਾਂ ਭਗੀਰਥ ਜਲ ਪਾਣੀ ਦੀ ਸੇਵਾ ਕਰਦਾ ਹੈ। ਗੁਰੂ ਜੀ ਦੀ ਸੰਗਤ, ਸੇਵਾ ਅਤੇ ਸਿਮਰਨ ਕਰਦਾ ਭਗੀਰਥ ਹੁਣ ਇਕ ਬੇਮਿਸਾਲ ਸਿੱਖ ਤਿਆਰ ਹੋ ਚੁੱਕਾ ਹੈ। ਗੁਰੂ ਸਾਹਿਬ ਜੀ ਅਤੇ ਸੰਗੀ ਲੋਕ ਹੁਣ ਉਸਨੂੰ ਭਾਈ ਭਗੀਰਥ ਕਹਿ ਕੇ ਬੁਲਾਉਂਦੇ ਹਨ।

ਇਹਨਾਂ ਹੀ ਦਿਨਾਂ ਵਿਚ ਗੁਰੂ ਸਾਹਿਬ ਕੋਲ ਇਕ ਗਰੀਬ ਵਿਅਕਤੀ ਆਪਣੀ ਬੇਨਤੀ ਲੈ ਕੇ ਹਾਜ਼ਰ ਹੁੰਦਾ ਹੈ। ਹੱਥ ਬੰਨ ਅਰਜ਼ ਕਰਦਾ ਹੈ,'ਪਾਤਸ਼ਾਹ, ਮੇਰੀ ਲੜਕੀ ਦੀ ਸਗਾਈ ਹੋ ਚੁੱਕੀ ਹੈ। ਲੜਕੇ ਵਾਲੇ ਵਿਆਹ ਜਲਦੀ ਮੰਗ ਰਹੇ ਹਨ। ਨਹੀਂ ਤਾਂ ਰਿਸ਼ਤਾ ਤੋੜਨ ਦੀ ਗੱਲ ਕਰ ਰਹੇ ਹਨ। ਗਰੀਬ ਨਿਵਾਜ, ਮੇਰੀ ਅਜੇ ਸਮਰੱਥਾ ਨਹੀਂ ਹੈ ਕਿ ਮੈਂ ਵਿਆਹ ਕਰ ਸਕਾਂ। ਆਪ ਜੀ ਮੇਹਰ ਕਰੋ। ਮੇਰੀ ਮੱਦਦ ਕਰੋ ਤਾਂ ਕਿ ਧੀ ਦਾ ਡੋਲਾ ਤੋਰ ਸਕਾਂ। ਗੁਰੂ ਸਾਹਿਬ ਜੀ ਸੰਗਤ ਵਿਚ ਭਰ ਨਜ਼ਰ ਵੇਖਦੇ ਹਨ ਤਾਂ ਨਜ਼ਰ ਭਾਈ ਭਗੀਰਥ ਉਪਰ ਟਿਕ ਜਾਂਦੀ ਹੈ। ਗੁਰੂ ਜੀ ਬੋਲੇ,"ਭਾਈ ਭਗੀਰਥ ਜੀ, ਕਾਗਜ਼ ਲੈ ਕੇ ਇਸ ਸੱਜਣ ਦੀ ਸਾਰੀ ਸਮੱਗਰੀ ਲਿਖ ਲਓ। ਖੀਸਾ ਭਰ ਲਓ ਰੁਪਈਆਂ ਨਾਲ। ਲਾਹੌਰ ਜਾ ਕੇ ਵਿਆਹ ਦਾ ਸਾਰਾ ਸਮਾਨ ਲਿਆ ਕੇ ਦਿਓ। ਇਕ ਗੱਲ ਦਾ ਖਿਆਲ ਰਹੇ ਕਿ ਲਾਹੌਰ ਵਿਚ ਇਕ ਰਾਤ ਤੋਂ ਵੱਧ ਨਹੀਂ ਰਹਿਣਾ। ਭਾਈ ਭਗੀਰਥ ਨੇ ਸਤਿਬਚਨ ਕਹਿਕੇ ਵਿਆਹ ਦੇ ਸਮਾਨ ਦੀ ਲਿਸਟ ਬਣਾ ਕੇ ਗੁਰੂ ਜੀ ਨੂੰ ਵਿਖਾਈ। ਜਾਣ ਦੀ ਆਗਿਆ ਲਈ। ਦੋ ਰਾਤਾਂ ਦਾ ਸਫਰ ਕਰਕੇ ਉਹ ਲਾਹੌਰ ਪਹੁੰਚਿਆ। 2-3 ਬੰਦਿਆਂ ਤੋਂ ਕਿਸੇ ਵਧੀਆ ਦੁਕਾਨ ਬਾਰੇ ਪੁੱਛ ਕੇ ਦੁਕਾਨ ਤੇ ਪਹੁੰਚ ਜਾਂਦਾ ਹੈ। ਕਾਫ਼ੀ ਵੱਡੀ ਦੁਕਾਨ ਹੈ। ਵਪਾਰੀ ਦਾ ਨਾਮ ਹੈ ਮਨਸੁੱਖ। ਭਾਈ ਭਗੀਰਥ ਅਤੇ ਮਨਸੁੱਖ ਦਾ ਵਾਰਤਾਲਾਪ ਕੁਝ ਇਸ ਤਰ੍ਹਾਂ ਹੁੰਦਾ ਹੈ:

ਭਗੀਰਥ: ਸੱਜਣ ਜੀ, ਇਹ ਲਓ ਸਮਾਨ ਦੀ ਲਿਸਟ। ਇਹ ਸਮਾਨ ਤਿਆਰ ਕਰ ਦਿਓ। ਚੀਜ਼ ਹੋਵੇ ਖਰੀ। ਖਰਚਾ ਹੋਵੇ ਘੱਟ। ਮੁੱਲ ਹੋਵੇ ਇਕ। ਤੁਸੀਂ ਵੀ ਖੁਸ਼, ਮੈਂ ਵੀ ਖੁਸ਼।

ਮਨਸੁੱਖ: ਸੱਭ ਕੁੱਝ ਤੁਹਾਡੀ ਲੋੜ ਅਨੁਸਾਰ ਮਿਲ ਜਾਵੇਗਾ। ਜੋ ਸਮਾਨ ਤਿਆਰ ਹੋਣਾ ਹੈ, ਉਹ ਤਿਆਰ ਹੋ ਜਾਵੇਗਾ। ਤੁਸੀਂ ਦੋ ਤਿੰਨ ਦਿਨ ਸਾਡੇ ਕੋਲ ਹੀ ਰੁਕੋ।

ਉਸ ਸਮੇਂ ਵੱਡੇ ਨਗਰਾਂ ਵਿਚ ਵਪਾਰੀਆਂ ਨੇ ਦੂਰੋਂ ਆਉਣ ਵਾਲੇ ਗਾਹਕਾਂ ਲਈ ਰਹਿਣ ਦੀ ਥਾਂ ਬਣਾਈ ਹੁੰਦੀ ਸੀ ਕਿਉਂਕਿ ਆਉਣ ਜਾਣ ਦੇ ਸਾਧਨ ਵਿਕਸਿਤ ਨਹੀਂ ਸਨ ਹੁੰਦੇ। ਵਪਾਰੀ ਗਾਹਕਾਂ ਦੇ ਆਰਡਰ ਦਾ ਸਮਾਨ ਦੋ ਤਿੰਨ ਦਿਨਾਂ ਵਿਚ ਤਿਆਰ ਕਰਵਾ ਦਿੰਦੇ ਸਨ। ਉਤਨੀ ਦੇਰ ਉਹ ਵਪਾਰੀ ਦੇ ਮਹਿਮਾਨ ਖਾਨੇ (Guest House) ਵਿਚ ਹੀ ਠਹਿਰਦੇ ਸਨ।

ਭਗੀਰਥ: ਸੱਜਣ ਜੀ, ਮੈਂ ਕੇਵਲ ਇਕ ਰਾਤ ਹੀ ਇਥੇ ਲਾਹੌਰ ਵਿਚ ਰੁੱਕ ਸਕਦਾ ਹਾਂ।

ਮਨਸੁੱਖ: ਇਤਨੀ ਜਲਦੀ ਨਾ ਕਰੋ। ਆਪਨੂੰ ਇਥੇ ਕੋਈ ਤਕਲੀਫ ਨਹੀਂ ਹੋਵੇਗੀ। ਰੋਟੀ ਵੀ ਘਰ ਦੀ ਰਸੋਈ ਤੋਂ ਹੀ ਆ ਜਾਵੇਗੀ।

ਭਗੀਰਥ: ਨਹੀਂ ਸੱਜਣ ਜੀ, ਇਹ ਗੱਲ ਨਹੀਂ ਹੈ ਪਰ ਮੈਂ ਇਕ ਰਾਤ ਤੋਂ ਵੱਧ ਨਹੀਂ ਰੁੱਕ ਸਕਦਾ।

ਮਨਸੁੱਖ: ਅੱਛਾ,ਮੇਰੀ ਇਕ ਸਲਾਹ ਮੰਨੋ। ਆਪਨੂੰ ਜਲਦੀ ਹੈ ਨਾ। ਸਾਡੇ ਕੋਲ ਇਕ ਰਾਤ ਵੱਧ ਰੁਕ ਜਾਓ। ਤੁਹਾਡਾ ਸਮਾਂ ਉਤਨਾ ਹੀ ਲੱਗੇਗਾ। ਯੱਕੇ (ਟਾਂਗੇ) ਜਾਂਦੇ ਹਨ ਮੁਲਤਾਨੀ ਘੋੜੀਆਂ ਵਾਲੇ। ਰਸਤੇ ਵਿਚ ਉਹਨਾਂ ਦੇ ਟਿਕਾਣੇ ਹਨ, ਜਿਥੋਂ ਘੋੜੀਆਂ ਅਤੇ ਚਾਲਕ ਬਦਲ ਜਾਂਦੇ ਹਨ। ਇਸ ਤਰ੍ਹਾਂ ਇਹ ਇਕ ਰਾਤ ਵਿਚ ਹੀ ਸਫ਼ਰ ਮੁਕਾ ਲੈਂਦੇ ਹਨ। ਇਹ ਮੈਂ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਜੋ ਚੂੜਾ ਆਪ ਨੂੰ ਚਾਹੀਦਾ ਹੈ, ਉਸਨੂੰ ਤਿਆਰ ਕਰਨ ਤੇ ਸਮਾਂ ਲਗੇਗਾ।

ਭਗੀਰਥ: ਨਹੀਂ ਸੱਜਣ ਜੀ, ਮੈਨੂੰ ਲਾਹੌਰ ਵਿਚ ਇਕ ਰਾਤ ਰੁਕਣ ਦਾ ਹੀ ਹੁਕਮ ਹੈ।

ਮਨਸੁੱਖ: ਕੀ ਤੁਸੀਂ ਲੋਧੀ ਦੇ ਨੌਕਰ ਹੋ? ਬਾਰ ਬਾਰ ਇਕੋ ਹੀ ਰਾਤ ਰੁਕਣ ਬਾਰੇ ਕਹੀ ਜਾਂਦੇ ਹੋ?

ਭਗੀਰਥ: ਜੇਕਰ ਨਵਾਬ ਦਾ ਨੌਕਰ ਹੁੰਦਾ ਤਾਂ ਸੌ ਬਹਾਨੇ ਬਣਾ ਦਿੰਦਾ। ਮੇਰਾ ਹਾਕਮ ਤਾਂ ਬਹੁਤ ਵਡੇਰਾ ਹੈ। ਉਸਦੀ ਹੁਕਮ ਅਦੂਲੀ ਨਾਲ ਇਹ ਜਨਮ ਹੀ ਬਿਰਥਾ ਹੋ ਜਾਵੇਗਾ।

ਮਨਸੁੱਖ: ਲੋਧੀ ਤੋਂ ਵੱਡਾ ਤਾਂ ਦਿੱਲੀ ਦਾ ਤਖਤ ਹੈ। ਪਰ ਤੁਸੀਂ ਤਾਂ ਸੁਲਤਾਨ ਪੁਰ ਤੋਂ ਆਏ ਹੋ। ਨਾਲੇ ਦਿੱਲੀ ਵਾਲੇ ਦੀ ਹੁਕਮ ਅਦੂਲੀ ਤਾਂ ਤੁਹਾਨੂੰ ਸਜ਼ਾ ਦੇ ਸਕਦੀ ਹੈ ਪਰ ਜਨਮ ਬਿਰਥਾ ਕਿਵੇਂ?

ਭਗੀਰਥ: ਮੇਰਾ ਹਾਕਮ ਲੋਕਾਂ ਤੇ ਰਾਜ ਕਰਨ ਵਾਲਾ ਨਹੀਂ। ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲਾ ਹੈ। ਜਨਮ ਬਿਰਥਾ ਇਸ ਕਰਕੇ ਹੋ ਜਾਵੇਗਾ ਕਿਉਂਕਿ ਜੋ ਸੁੱਖ ਮੈਂਨੂੰ ਇਸ ਹਾਕਮ ਦੀ ਆਗਿਆ ਮੰਨ ਕੇ ਮਿਲਿਆ ਹੈ, ਉਹ ਪੂਰੇ ਜਨਮ ਦਾ ਤਪ ਕਰਕੇ ਵੀ ਨਹੀ ਸੀ ਮਿਲਿਆ। ਜਦੋਂ ਦੀ ਆਪਣੇ ਮਨ ਦੀ ਮੱਤ ਦੀ ਪਕੜ ਛੱਡੀ ਹੈ ਅਤੇ ਗੁਰੂ ਦੀ ਮੱਤ ਦਾ ਲੜ ਫੜਿਆ ਹੈ, ਉਦੋਂ ਦਾ ਹੀ ਸੁਖੀ ਹੋਇਆ ਹਾਂ।ਅਸਲ ਵਿਚ ਮੇਰਾ ਜਨਮ ਹੀ ਉਦੋਂ ਹੋਇਆ ਹੈ।

ਮਨਸੁੱਖ: ਮੈਂ ਹੈਰਾਨ ਹੋ ਰਿਹਾ ਹਾਂ ਆਪ ਦੀਆਂ ਗੱਲਾਂ ਸੁਣ ਕੇ। ਬਲਕਿ ਪ੍ਰੇਸ਼ਾਨ ਵੀ ਹੋ ਰਿਹਾ ਹਾਂ। ਕਲਯੁੱਗ ਵਿਚ ਐਸਾ ਕਿਹੜਾ ਗੁਰੂ ਹੋਇਆ ਹੈ ਮੱਤਾਂ ਦੇਣ ਵਾਲਾ? ਹਰ ਪਾਸੇ ਤਾਂ ਪਾਖੰਡ ਪਸਰਿਆ ਪਿਆ ਹੈ। ਸੱਭ ਭਰਮਾਂ ਵਿਚ ਪਾਉਣ ਵਾਲੇ ਹੀ ਮਿਲਦੇ ਹਨ। ਥਾਂ ਥਾਂ ਤੇ ਜਾਲ ਵਿਛਾਏ ਪਏ ਨੇ ਇਹਨਾਂ ਪਾਖੰਡੀਆਂ ਨੇ। ਮੈਂ ਵੀ ਬਹੁਤ ਥਾਵਾਂ ਤੇ ਭਟਕਿਆ ਹਾਂ ਪਰ ਮੈਨੂੰ ਤਾਂ ਇਹੋ ਜਿਹਾ ਕੋਈ ਗੁਰੂ ਨਹੀਂ ਮਿਲਿਆ।

ਭਗੀਰਥ: ਬਿਲਕੁਲ ਸੱਚ ਕਹਿ ਰਹੇ ਹੋ। ਪਰ ਮੇਰਾ ਗੁਰੂ ਆਪ ਪ੍ਰਮੇਸ਼ਰ ਹੈ। ਗੋਬਿੰਦ ਆਪ ਪ੍ਰਗਟ ਹੋ ਕੇ ਆਇਆ ਹੈ ਇਸ ਧਰਤੀ ਉਤੇ। ਹੈ ਇਕ ਆਮ ਬੰਦਾ ਸਾਡੇ ਤੁਹਾਡੇ ਵਰਗਾ। ਪਰ

ਜੋਤ ਉਸ ਰੱਬ ਦੀ ਹੈ ਜਿਸਨੂੰ ਮੰਨਦੇ ਤਾਂ ਸਾਰੇ ਨੇ ਪਰ ਦੇਖਿਆ ਕਿਸੇ ਨੇ ਨਹੀਂ। ਸ਼ਰਧਾ ਨਾਲ ਵੇਖੋਗੇ ਪ੍ਰਤੱਖ ਦਿਸੇਗਾ ਸੱਭ ਕੁੱਝ।

ਮਨਸੁੱਖ: ਭਾਈ ਭਗੀਰਥ ਜੀ, ਮੈਂ ਬਥੇਰੇ ਥਾਂ ਟਿਕਾਣੇ ਵੇਖੇ ਨੇ। ਧੱਕੇ ਖਾਧੇ ਨੇ ਬਹੁਤ। ਜੇ ਸ਼ਰਧਾ ਨਾਲ ਨਾ ਜਾਂਵਾਂ; ਪਰਤਾਵਾ ਲਵਾਂ? ਕੀ ਅਜਿਹੀ ਕਰਾਮਾਤ ਹੋ ਸਕਦੀ ਹੈ?

ਭਗੀਰਥ: ਕਰਾਮਾਤ, ਇਹ ਤਾਂ ਤੁੱਛ ਹੈ ਉਥੇ। ਕਰਾਮਾਤ ਕੋਈ ਵੱਡੀ ਗੱਲ ਨਹੀਂ। ਜੋ ਮੈਂ ਵੇਖਿਆ ਹੈ ਉਹ ਮੈਂ ਦੱਸਣਾ ਨਹੀਂ। ਪਰ ਏਨਾ ਜ਼ਰੂਰ ਕਹਾਂਗਾ ਕਿ ਧਰਮ ਵਿਚ ਪਰਤਾਵਾ ਲੈਣਾ ਕੋਈ ਚੰਗੀ ਗੱਲ ਨਹੀਂ। ਪਰ ਜੇ ਤੁਹਾਡੀ ਸ਼ਰਧਾ ਇਸ ਸ਼ਰਤ ਤੇ ਬਣਦੀ ਹੈ ਤਾਂ ਮੈਂ ਰੋਕਦਾ ਵੀ ਨਹੀਂ। ਮੇਰਾ ਗੁਰੂ ਤਾਂ ਪੂਰਾ ਹੈ, ਜਾਣਦਾ ਹੈ ਸੱਭ ਦੇ ਅੰਦਰ ਦੀਆਂ।

ਮਨਸੁੱਖ: ਚਲੋ! ਮੈਂ ਵੀ ਫ਼ੈਸਲਾ ਕਰ ਲਿਆ ਹੈ। ਇਕ ਚੂੜਾ ਮੇਰੇ ਕੋਲ ਤਿਆਰ ਹੈ। ਮੈਂ ਆਪਣੀ ਲੜਕੀ ਲਈ ਬਣਵਾ ਰੱਖਿਆ ਹੈ। ਇਹ ਮੈਂ ਆਪਣੀ ਵੱਲੋਂ ਭੇਟ ਕਰ ਦਿਆਂਗਾ। ਬਾਕੀ ਸਾਰਾ ਸੌਦਾ ਮਿਲ ਜਾਵੇਗਾ। ਕੱਲ ਦੁਪਹਿਰ ਤੋਂ ਬਾਅਦ ਤੁਰ ਪਵਾਂਗੇ। ਤੁਹਾਡੀ ਪ੍ਰਤਿੱਗਿਆ ਵੀ ਪੂਰੀ ਹੋ ਜਾਵੇਗੀ। ਅਤੇ ਮੈਂ ਵੀ ਲਾਹਾ ਲੈ ਲਵਾਂਗਾ। ਪਰ ਪਰਤਾਵਾ ਤਾਂ ਮੈਂ ਜ਼ਰੂਰ ਲੈਣਾ ਹੈ ਜੋ ਮੈਂ ਹੁਣ ਹੀ ਮਨ ਵਿਚ ਧਾਰ ਲਿਆ ਹੈ।

ਭਗੀਰਥ: ਬਹੁਤ ਅੱਛੀ ਗੱਲ ਹੈ।

ਇਸ ਤਰ੍ਹਾਂ ਗੱਲਾਂਬਾਤਾਂ ਹੋਈਆਂ। ਮਨਸੁੱਖ ਨੇ ਆਪਣਾ ਖਾਣਾ ਵੀ ਦੁਕਾਨ ਤੇ ਹੀ ਮੰਗਵਾ ਲਿਆ ਤੇ ਸੁਨੇਹਾ ਵੀ ਭੇਜ ਦਿਤਾ ਕਿ ਕੁਝ ਜ਼ਰੂਰੀ ਸਮੱਗਰੀ ਤਿਆਰ ਕਰਾਉਣੀ ਹੈ। ਮੈਂ ਅੱਜ ਘਰ ਨਹੀਂ ਆਵਾਂਗਾ। ਸਾਰੇ ਸਮਾਨ ਦੀ ਲਿਸਟ ਵਰਕਰਾਂ ਨੂੰ ਦੇ ਕੇ ਮਨਸੁੱਖ ਅਤੇ ਭਗੀਰਥ ਰੋਟੀ ਖਾ ਕੇ ਇਕੱਠੇ ਹੀ ਸੌਂ ਗਏ। ਸਾਰੀ ਰਾਤ ਮਨਸੁੱਖ ਨੂੰ ਨੀਂਦ ਨਹੀਂ ਆਈ। ਭਾਈ ਭਗੀਰਥ ਨਾਲ ਹੋਈ ਗੱਲਬਾਤ ਵਿਚ ਉਸ ਨੂੰ ਸਚਾਈ ਲੱਗ ਰਹੀ ਸੀ। ਅੰਦਰੋਂ ਇੱਛਾ ਜਾਗ ਰਹੀ ਸੀ ਕਿ ਕਦੋਂ ਦਿਨ ਚੜ੍ਹੇ। ਸਾਰਾ ਸਮਾਨ ਇਕੱਠਾ ਹੋਵੇ ਤੇ ਕਦੋਂ ਸੁਲਤਾਨ ਪੁਰ ਚੱਲੀਏ ਅਤੇ ਵੇਖੀਏ ਗੁਰੂ ਦੀ ਕਰਾਮਾਤ। ਭਾਈ ਭਗੀਰਥ ਨਾਲ ਹੋਈਆਂ ਗੱਲਾਂ ਤੋਂ ਇਹ ਭਰੋਸਾ ਬੱਝਦਾ ਜਾ ਰਿਹਾ ਸੀ ਕਿ ਮੇਰਾ ਪਰਤਾਵਾ ਤਾਂ ਪੂਰਾ ਹੋ ਹੀ ਜਾਣਾ ਹੈ। ਪਹਿਰ ਰਾਤ ਰਹਿੰਦੀ ਭਾਈ ਭਗੀਰਥ ਉੱਠਦੇ ਹਨ। ਸੁਲਤਾਨ ਪੁਰ ਵੱਲ ਨੂੰ ਮੁੱਖ ਕਰਕੇ 'ਧੰਨ ਗੁਰੂ ਨਾਨਕ' ਉਚਾਰਿਆ ਹੈ। ਉਠ ਕੇ ਇਸ਼ਨਾਨ ਪਾਣੀ ਤੋਂ ਵਿਹਲੇ ਹੋਏ ਹਨ। ਨਿਤ ਨੇਮ ਅਨੁਸਾਰ ਆਪਣੀ ਲਿਵ ਜੋੜ ਕੇ ਬੈਠ ਗਏ ਹਨ। ਮਨਸੁੱਖ ਇਹ ਸੱਭ ਕੁਝ ਵੇਖ ਰਿਹਾ ਹੈ। ਕੁਝ ਸਮੇਂ ਬਾਅਦ ਇਹ ਵੀ ਉਠਦਾ ਹੈ। ਆਪਣਾ ਨੇਮ ਕਰਨ ਤੋਂ ਬਾਅਦ ਇਹ ਦੁਕਾਨ ਤੇ ਸੌਦੇ ਇਕੱਠੇ ਕਰਨ ਚਲਾ ਜਾਂਦਾ ਹੈ। ਮਨਸੁੱਖ ਦੀ ਇੱਛਾ ਇਤਨੀ ਵਧ ਚੁੱਕੀ ਹੈ ਕਿ ਦਿਨ ਚੜ੍ਹਦੇ ਸਾਰ ਹੀ ਸਾਰਾ ਸੌਦਾ ਤਿਆਰ ਕਰਵਾ ਲਿਆ ਹੈ। ਚੂੜਾ ਆਪਣੇ ਘਰ ਤੋਂ ਲੈ ਆਂਦਾ ਹੈ। ਦੁਕਾਨ ਦਾ ਸਾਰਾ ਕੰਮ ਮੁਨੀਮਾਂ ਨੂੰ ਸਮਝਾ ਦਿੱਤਾ ਹੈ। ਦੁਪਹਿਰ ਤੋਂ ਪਹਿਲਾਂ ਹੀ ਸਾਰਾ ਸਮਾਨ ਟਾਂਗੇ ਤੇ ਲੱਦ ਕੇ ਤੁਰ ਪੈਂਦੇ ਹਨ। ਰਸਤੇ ਵਿਚ ਗੱਲਬਾਤ ਦਾ ਸਿਲਸਲਾ ਮਨਸੁੱਖ ਇਸ ਤਰ੍ਹਾਂ ਸ਼ੁਰੂ ਕਰਦਾ ਹੈ:

ਮਨਸੁੱਖ: ਮੇਰੀ ਇੱਛਾ ਹੈ ਮੈਨੂੰ ਕੋਈ ਐਸਾ ਗੁਰੂ ਮਿਲੇ ਜਿਸ ਦਾ ਜੀਵਨ ਪਵਿੱਤਰ ਹੋਵੇ। ਮੋਹ ਮਾਇਆ ਦੇ ਪ੍ਰਭਾਵ ਵਿਚ ਨਾ ਹੋਵੇ। ਕੇਵਲ ਸਾਂਈ ਨਾਲ ਜੋੜਦਾ ਹੋਵੇ। ਗੁਰੂ ਨਾਨਕ ਸਾਹਿਬ ਜੀ ਕਿਹੋ ਜਿਹੇ ਨੇ?

ਭਗੀਰਥ: ਮਨਸੁੱਖ ਜੀਓ, ਭਾਲ ਤਾਂ ਤੁਹਾਡੀ ਪੂਰੀ ਹੋ ਗਈ ਸਮਝੋ। ਗੁਰੂ ਨਾਨਕ ਸਾਹਿਬ ਆਪ ਕਿਰਤ ਕਰਦੇ ਨੇ। ਗ੍ਰਿਹਸਤੀ ਨੇ ਪਰ ਮੋਹ ਨਹੀਂ। ਪਦਾਰਥ ਕਮਾਉਂਦੇ ਨੇ ਪਰ ਲੋਭ ਨਹੀਂ। ਨਵਾਬ ਦਾ ਮੋਦੀ ਖਾਨਾ ਤੋਰਦੇ ਨੇ ਪਰ ਹਉਮੈ ਨਹੀਂ। ਸਾਰਾ ਦਿਨ ਕੰਮ ਕਰਦੇ ਨੇ ਪਰ ਜੁੜੇ ਰਹਿੰਦੇ ਨੇ ਪ੍ਰਮਾਤਮਾ ਨਾਲ ਹਰ ਸਮੇਂ। ਮੋਦੀ ਖਾਨੇ ਦਾ ਕੰਮ ਕਰਨ ਲਈ ਕਈ ਵਰਕਰ ਮਿਲੇ ਹੋਏ ਹਨ। ਦੋ ਸੇਵਾਦਾਰ ਨੇ। ਤਿੰਨ 'ਤੋਲੇ' ਵੀ ਮਿਲੇ ਹੋਏ ਨੇ। ਪਰ ਕਈ ਵਾਰੀ ਮੌਜ ਵਿਚ ਆ ਕੇ ਆਪਣੀ ਗੱਦੀ ਛੱਡ ਕੇ ਆਪ ਹੀ ਤੋਲਣ ਲੱਗ ਜਾਂਦੇ ਨੇ। ਕਈ ਵਾਰੀ ਤਾਂ ਮੈਂ ਆਪ ਵੇਖਿਆ ਹੈ, ਤੋਲਦੇ ਤੋਲਦੇ ਜਦ ਤੇਰਾਂ ਤੇ ਆ ਜਾਂਦੇ ਨੇ ਤਾਂ ਤੇਰਾ, ਤੇਰਾ, ਤੇਰਾ ਕਹਿ ਕੇ ਤੋਲੀ ਹੀ ਜਾਂਦੇ ਹਨ। ਕਈ ਵੇਰਾਂ ਨਵਾਬ ਕੋਲ ਸ਼ਿਕਾਇਤ ਹੋ ਚੁੱਕੀ ਹੈ ਕਿ ਨਾਨਕ ਮੋਦੀਖਾਨਾ ਲੁਟਾ ਰਿਹਾ ਹੈ। ਪਰ ਜਦੋਂ ਵੀ ਚੈਕਿੰਗ ਹੋਈ ਤਾਂ ਸੱਭ ਮਾਲ ਨਕਦੀ ਠੀਕ ਨਿਕਲਦੀ ਹੈ ਬਲਕਿ ਗੁਰੂ ਸਾਹਿਬ ਦਾ ਹੀ ਜਮਾਂ ਨਿਕਲਦਾ ਹੈ। ਬਰਕਤ ਹੈ ਇਲਾਹੀ ਉਹਨਾਂ ਦੇ ਹੱਥਾਂ ਵਿਚ। ਜਿਸ ਦੇ ਸਿਰ ਉਪਰ ਹੱਥ ਧਰ ਦਿੰਦੇ ਨੇ, ਉਸਦੇ ਭਾਗ ਖੁੱਲ ਜਾਂਦੇ ਨੇ।

ਮਨਸੁੱਖ: ਆਪਾਂ ਅਸਲੀ ਨੁਕਤੇ ਤੇ ਆਈਏ। ਰੱਬ ਨੂੰ ਪਾਉਣ ਦਾ ਕੀ ਰਾਹ ਦਸਦੇ ਨੇ?

ਭਗੀਰਥ: ਇਕ ਵਾਰੀ ਗੁਰੂ ਸਾਹਿਬ ਜੀ ਫ਼ੁਰਮਾ ਰਹੇ ਸਨ। ਕਿਰਤ ਕਰੋ। ਨਾਮ ਜਪੋ। ਵੰਡ ਛਕੋ। ਇਹ ਤਿੰਨੇ ਕਰਮ ਹਉਮੈਂ ਨੂੰ ਕੱਟਦੇ ਹਨ। ਹਉਮੈਂ ਵਿਚ ਹੀ ਰੱਬ ਨੂੰ ਪਾਉਣ ਦੀ ਜੁਗਤੀ ਦੇ ਬੀਜ ਹਨ ਜਿਸ ਨੂੰ ਨਾਮ ਦਾ ਪਾਣੀ ਪਾ ਕੇ ਬੂਟਾ ਬਣਾ ਲਈਦਾ ਹੈ। ਏਧਰ ਬੂਟਾ ਉਗਿਆ, ਮੈਂ ਮੇਰੀ ਖਤਮ ਹੋਈ। ਓਧਰ ਰੱਬ ਦੇ ਘਰ ਦਾ ਦਰਵਾਜ਼ਾ ਖੁੱਲਿਆ। ਬੱਸ ਕਰੋ ਦੀਦਾਰ ਰੱਜ ਰੱਜ ਕੇ।

ਮਨਸੁੱਖ: ਸੱਜਣਾ, ਮੈਨੂੰ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਮੈਂ ਵੀ ਹੁਣ ਪੂਰੇ ਗੁਰੂ ਦੇ ਨੇੜੇ ਹੀ ਹਾਂ ਪਰ ਮੇਰਾ ਮਨ ਫਿਰ ਵੀ ਪਰਤਾਵਾ ਲੈਣ ਨੂੰ ਕਰਦਾ ਹੈ।

ਭਗੀਰਥ: ਜਿਵੇਂ ਆਪ ਦੀ ਇੱਛਾ। ਪਰ ਪੂਰੀ ਹੋਵੇਗੀ ਤਾਂ, ਜੇ ਗੁਰੂ ਦੀ ਇੱਛਾ।

ਅਜਿਹੀਆਂ ਹੋਰ ਗੱਲਾਂ ਕਰਦਿਆਂ ਉਹ ਸੁਲਤਾਨ ਪੁਰ ਪਹੁੰਚ ਗਏ। ਦੁਪਹਿਰ ਦਾ ਸਮਾਂ ਹੈ। ਸਰਕਾਰੀ ਕੰਮ ਮੁੱਕ ਚੁੱਕਾ ਹੈ। ਗੁਰੂ ਨਾਨਕ ਸਾਹਿਬ ਗੱਦੀ ਤੋਂ ਉਠ ਕੇ ਸਤਿਸੰਗ ਵਿਚ ਆ ਬੈਠੇ ਹਨ। ਮਰਦਾਨਾ ਕੀਰਤਨ ਕਰ ਰਿਹਾ ਹੈ। ਭਾਈ ਭਗੀਰਥ ਅਤੇ ਮਨਸੁੱਖ ਵੀ ਨਮਸਕਾਰ ਕਰ ਕੇ ਬੈਠ ਗਏ ਹਨ। ਸ਼ਬਦ ਦੀ ਸਮਾਪਤੀ ਹੋਈ। ਦੋਵੇਂ ਹੱਥ ਜੋੜ ਕੇ ਅਜੇ ਖੜੇ ਹੀ ਹੋਏ ਹਨ ਕਿ ਗੁਰੂ ਸਾਹਿਬ ਮੁਸਕਰਾਏ ਅਤੇ ਬੋਲੇ,"ਆ ਭਾਈ ਭਗੀਰਥ, ਚੰਦਨ ਦਿਆ ਬੂਟਿਆ! ਹੋਰ ਬੂਟਿਆਂ ਨੂੰ ਚੰਦਨ ਬਣਾਉਣ ਵਾਲਿਆ! ਅਸੀਂ ਤਾਂ ਤੈਨੂੰ ਵਿਆਹ ਦਾ ਸਮਾਨ ਲੈਣ ਭੇਜਿਆ ਸੀ। ਪਰ ਤੂੰ ਤਾਂ ਵਪਾਰੀ ਨੂੰ ਹੀ ਵਿਆਹ ਕੇ ਲੈ ਆਇਆ ਹੈਂ" ਫਿਰ ਮਨਸੁੱਖ ਵੱਲ ਨਜ਼ਰ ਭਰਕੇ ਬੋਲੇ,"ਆ ਭਾਈ, 'ਮਨ' ਦਾ 'ਸੁੱਖ' ਲੱਭਣ ਲਈ ਆਇਆ ਹੈਂ। ਤੂੰ ਤਾਂ ਨਾਮ ਹੀ ਮਨਸੁੱਖ ਰੱਖਿਆ ਹੋਇਆ ਹੈ। ਘਬਰਾ ਨਾ, ਹੁਣ ਮਨ ਸੁਖੀ ਹੀ ਰਹੇਗਾ। ਭਾਈ ਭਗੀਰਥ ਨੇ ਤੇਰੇ 'ਕੱਚ' ਨੂੰ 'ਪੱਕ' ਦੇ ਰਾਹੇ ਪਾ ਦਿੱਤਾ ਹੈ"।

ਗੁਰੂ ਨਾਨਕ ਸਾਹਿਬ ਜੀ ਦੇ ਮੁੱਖ ਤੋਂ ਇਹ ਬੋਲ ਸੁਣਕੇ ਮਨਸੁੱਖ ਦੀਆਂ ਅੱਖਾਂ ਵਿਚੋਂ ਹੰਝੂ ਵਗਣ ਲੱਗ ਪਏ। ਮਨਸੁੱਖ ਨੇ ਮਨ ਵਿਚ ਇਹ ਹੀ ਧਾਰ ਰੱਖਿਆ ਸੀ ਕਿ ਜੇ ਗੁਰੂ ਨੇ ਜਾਂਦੇ ਸਾਰ ਮੇਰਾ ਨਾਮ ਲੈ ਕੇ ਬੁਲਾਇਆ ਤਾਂ ਉਹ ਪੂਰਾ ਗੁਰੂ ਹੋਵੇਗਾ। ਮਨਸੁੱਖ ਦੀ ਸਾਰੀ ਉਮਰ ਦੀ ਭਾਲ ਖਤਮ ਹੋਈ। ਹੰਝੂ ਵਗਦੇ ਰਹੇ। ਉਸਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਗੁਰੂ ਸਾਹਿਬ ਦੇ ਚਰਨਾਂ ਤੇ ਸਿਰ ਰੱਖ ਦਿਤਾ। ਕਦੋਂ ਗੁਰੂ ਸਾਹਿਬ ਨੇ ਉਸਨੂੰ ਆਪਣੇ ਪਾਵਨ ਹੱਥਾਂ ਨਾਲ ਉਠਾ ਲਿਆ। ਕਾਫ਼ੀ ਸਮਾਂ ਇਹ ਬੈਰਾਗ ਦੀ ਹਾਲਤ ਬਣੀ ਰਹੀ। ਜਦੋਂ ਮਨਸੁੱਖ ਕੁਝ ਸ਼ਾਂਤ ਹੋਇਆ ਤਾਂ ਭਾਈ ਭਗੀਰਥ ਨੇ ਬੋਲਣਾ ਸ਼ੁਰੂ ਕੀਤਾ, 'ਗੁਰੂ ਸਾਹਿਬ ਜੀ, ਇਹ ਬੂਟਾ ਮੈਂ ਨਹੀਂ ਲਗਾਇਆ, ਇਹ ਤਾਂ ਕੇਵਲ ਆਪਜੀ ਦੇ 'ਲਾਹੌਰ ਵਿਚ ਇਕ ਰਾਤ ਰੁਕਣ' ਦੇ ਹੁਕਮ ਨੇ ਲਗਾਇਆ ਹੈ। ਬੱਸ ਆਪਜੀ ਦੇ ਇਸੇ ਹੁਕਮ ਨੇ ਇਸਦੀ ਇੱਛਾ ਇਤਨੀ ਵਧਾ ਦਿਤੀ ਕਿ ਇਹ ਮੇਰੇ ਤੋਂ ਆਪਜੀ ਦੀਆਂ ਗੱਲਾਂ ਸੁਣੀ ਗਿਆ। ਆਪਜੀ ਦੇ ਸੱਚ ਦੇ ਮਾਰਗ ਦੀ ਪ੍ਰਸੰਸਾ ਸੁਣ ਸੁਣ ਕੇ ਇਸ ਦੇ ਮਨ ਵਿਚ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਪੈਦਾ ਹੋ ਗਈ। ਇਹ ਵਿਆਹ ਦਾ ਸਾਰਾ ਸੌਦਾ ਖਰੀਦਿਆ ਹੈ ਪਰ ਇਹ ਚੂੜਾ ਭਾਈ ਮਨਸੁੱਖ ਆਪਣੀ ਭੇਟ ਵਜੋਂ ਲੈ ਕੇ ਆਇਆ ਹੈ। ਗੁਰੂ ਸਾਹਿਬ ਨੇ ਲੋੜਵੰਦ ਪ੍ਰੇਮੀ ਨੂੰ ਬੁਲਾ ਕੇ ਸਾਰਾ ਸਮਾਨ ਫ਼ੜਾ ਕੇ ਕਿਹਾ,"ਲੈ ਭਾਈ ਤੂੰ ਆਪਣੇ ਸਿਰੋਂ ਫ਼ਰਜ਼ ਉਤਾਰ। ਉਤਨਾ ਦੇਂਈ ਕਿ ਪਿਛੋਂ ਟੱਬਰ ਟੁੱਕ ਲਈ ਬਚ ਰਹੇ। ਲੋਕ ਲਾਜ ਵਿਚ ਆ ਕੇ ਵੱਧ ਖਰਚਾ ਨਾ ਕਰ ਬੈਠੀਂ"।

ਭਾਈ ਮਨਸੁੱਖ ਦਾ ਪਰਤਾਵਾ ਪੂਰਾ ਹੋ ਚੁੱਕਾ ਸੀ। ਜਿਸ ਸੱਚ ਦੀ ਉਸਨੂੰ ਭਾਲ ਸੀ, ਉਹ ਉਸਨੂੰ ਮਿਲ ਚੁੱਕਾ ਸੀ। ਉਹ ਹੁਣ ਘਰ ਨਹੀਂ ਗਿਆ। ਉਹ ਹੁਣ ਭਾਈ ਭਗੀਰਥ ਦੇ ਨਾਲ ਹੀ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਸੀ। ਹਰ ਸਮੇਂ ਸੰਗਤਾਂ ਦੀ ਸੇਵਾ ਲਈ ਤਿਆਰ ਰਹਿੰਦਾ ਸੀ। ਲਾਹੌਰ ਵਿਚ ਸਿੱਖੀ ਦੇ ਪ੍ਰਚਾਰ ਲਈ ਇਕ ਹੀਰਾ ਤਿਆਰ ਹੋਣਾ ਸ਼ੁਰੂ ਹੋ ਚੁੱਕਿਆ ਸੀ। ਇਕ ਦਿਨ ਗੁਰੂ ਜੀ ਨੇ ਭਾਈ ਭਗੀਰਥ ਨੂੰ ਹੁਕਮ ਦਿੱਤਾ ਕਿ ਆਪਣੇ ਨਗਰ ਜਾਓ। ਉਥੇ ਰਹਿ ਕੇ ਭਗਤੀ ਕਰੋ। ਸਤਿਸੰਗ ਲਗਾਓ। ਲੋੜਵੰਦਾਂ ਦੀ ਮੱਦਦ ਕਰੋ। ਸਿੱਖੀ ਦੇ ਹੋਰ ਬੂਟੇ ਲਗਾਓ। ਭਾਈ ਭਗੀਰਥ ਗੁਰੂ ਸਾਹਿਬ ਜੀ ਤੋਂ ਵਿਛੜਨਾ ਨਹੀਂ ਚਾਹੁੰਦਾ ਸੀ। ਪਰ ਹੁਕਮ ਅਦੂਲੀ ਵੀ ਨਹੀ ਸੀ ਕਰ ਸਕਦਾ। ਗੁਰੂ ਸਾਹਿਬ ਦਾ ਹੁਕਮ ਸਿਰ ਮੱਥੇ ਤੇ ਧਰ ਕੇ ਆਪਣੇ ਪਿੰਡ ਚਲਾ ਗਿਆ। ਜਦੋਂ ਬਿਰਹਾ ਦਾ ਜੋਰ ਪੈਂਦਾ ਤਾਂ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਆ ਜਾਂਦਾ ਸੀ।

ਪਿਆਰ ਨਾਲ ਬੋਲੋ ਜੀ:

ਧੰਨ ਗੁਰੂ ਨਾਨਕ ਸਾਹਿਬ ਜੀ।

ਧੰਨ ਭਾਈ ਭਗੀਰਥ ਜੀ ।

********************

# ਭਾਈ ਮੰਝ ਜੀ

'ਮੰਝ' ਚੰਦਰਵੰਸ਼ੀ ਰਾਜਪੂਤਾਂ ਦੀ ਇਕ ਗੋਤ ਹੈ। ਜਲੰਧਰ ਅਤੇ ਹੁਸ਼ਿਆਰ ਪੁਰ ਦੇ ਕਈ ਪਿੰਡਾਂ ਵਿਚ ਇਸ ਗੋਤ ਦੇ ਲੋਕ ਅਜੇ ਵੀ ਮਿਲ ਜਾਂਦੇ ਹਨ। ਜ਼ਿਲਾ ਹੁਸ਼ਿਆਰ ਪੁਰ ਵਿਚ ਇਕ ਪਿੰਡ ਹੈ – 'ਕੰਗ ਮਾਈ'। ਭਾਈ ਮੰਝ ਜੀ ਇਸ ਪਿੰਡ ਦੇ ਵਸਨੀਕ ਹਨ। ਇਹਨਾਂ ਦਾ ਅਸਲ ਨਾਮ ਹੈ 'ਤੀਰਥ'। ਪਿੰਡ ਦੇ ਲੋਕ ਤੀਰਥਾ ਕਹਿ ਕੇ ਬੁਲਾਂਉਦੇ ਹਨ। ਇਹਨਾਂ ਦਾ ਪਰਿਵਾਰ ਖਾਨਦਾਨੀ ਚੌਧਰੀਆਂ ਦਾ ਪਰਿਵਾਰ ਹੈ। ਜਦੋਂ ਤੀਰਥਾ 15–16 ਸਾਲਾਂ ਦਾ ਹੋਇਆ, ਤਾਂ ਇਸ ਦੀ ਮੰਗਣੀ ਜਿਸ ਲੜਕੀ ਨਾਲ ਹੋਈ, ਉਹਨਾਂ ਦਾ ਪਰਿਵਾਰ ਨਿਗਾਹੇ ਵਾਲੇ ਪੀਰ ਸਖੀ ਸਰਵਰ ਨੂੰ ਮੰਨਣ ਵਾਲਾ ਸੀ। ਉਹ ਪੀਰ ਦੇ ਮੋਢੀ ਭਗਤਾਂ ਵਿਚੋਂ ਸਨ। ਬਹੁਤ ਅਮੀਰ ਪਰਿਵਾਰ ਸੀ ਅਤੇ ਰਾਜ ਦਰਬਾਰ ਤੱਕ ਪਹੁੰਚ ਸੀ। ਮੰਗਣੀ ਸਮੇਂ ਉਹਨਾਂ ਨੇ ਇਹ ਸ਼ਰਤ ਰੱਖੀ ਕਿ ਤੀਰਥ ਵੀ ਸਖੀ ਸਰਵਰ ਦਾ ਭਗਤ ਬਣੇਗਾ। ਘਰ ਵਿਚ ਪੀਰ ਦੀ ਕਬਰ ਵੀ ਬਣਾਈ ਜਾਵੇਗੀ। ਤੀਰਥ ਦੇ ਪਰਿਵਾਰ ਨੇ ਵੱਡੇ ਘਰ ਵਿਚ ਰਿਸ਼ਤਾ ਜੋੜਨ ਕਰਕੇ ਉਹਨਾਂ ਦੀ ਇਹ ਗੱਲ ਮੰਨ ਲਈ।

ਤੀਰਥੇ ਦਾ ਵਿਆਹ ਹੋਇਆ। ਪੂਰੇ ਸ਼ਗਨਾਂ ਨਾਲ ਚੌਧਰਾਣੀ ਨੂੰ ਘਰ ਲਿਆਂਦਾ ਗਿਆ। ਸਬੰਧੀਆਂ ਨੇ 'ਨਿਗਾਹੇ' ਤੋਂ ( ਪਾਕਿਸਤਾਨ ਵਿਚ ਡੇਰਾ ਗਾਜ਼ੀਖਾਨ ਕੋਲ ਨਿਗਾਹਾ ਇਕ ਸ਼ਹਿਰ ਹੈ, ਜਿਸ ਵਿਚ ਸਰਵਰੀਆਂ ਦੇ ਮੁਖੀ ਪੀਰ ਸੱਯਦ ਅਹਿਮਦ ਸ਼ਾਹ ਦੀ ਸਮਾਧ ਬਣੀ ਹੋਈ ਹੈ। ਇਹ ਇਹਨਾਂ ਦਾ ਦੂਜਾ ਮੁੱਖ ਸਥਾਨ ਹੈ।) ਪੀਰ ਦੀ ਸਮਾਧ ਤੋਂ ਮਿੱਟੀ ਲਿਆ ਕੇ ਤੀਰਥੇ ਦੇ ਘਰ ਦੇ ਵਿਹੜੇ ਦੇ ਐਨ ਵਿਚਕਾਰ ਕਬਰ ਬਣਾਈ । ਨਿਗਾਹੇ ਤੋਂ ਆਏ ਭਿਰਾਈਆਂ (ਪੀਰ ਦੀ ਪੂਜਾ ਕਰਨ ਵਾਲੇ) ਨੇ ਪੀਰ ਦੀ ਪੂਜਾ ਕੀਤੀ। ਉਸਤਤੀ ਦੇ ਗੀਤ ਪੜ੍ਹੇ ਗਏ। ਸਾਰੇ ਪਿੰਡ ਨੂੰ ਭੰਡਾਰੇ ਦਾ ਸੱਦਾ ਦਿੱਤਾ ਗਿਆ। ਮਿੱਠੇ ਚੌਲਾਂ ਦਾ 'ਯੱਗ' ਵੀ ਕੀਤਾ ਗਿਆ। ਸਵਾ ਸਵਾ ਮਣ ਦੇ ਪੰਜ ਰੋਟ ਚੜ੍ਹਾਏ ਗਏ, ਜੋ ਪ੍ਰਸ਼ਾਦ ਦੇ ਰੂਪ ਵਿਚ ਸਾਰੇ ਪਿੰਡ ਵਿਚ ਵੰਡੇ ਗਏ।

ਨਵਾਂ ਨਵਾਂ ਉਤਸ਼ਾਹ। ਜਵਾਨੀ ਦਾ ਜੋਸ਼। ਤੀਰਥੇ ਨੇ ਆਪ ਵੀ ਢੋਲ ਵਜਾਉਣਾ ਸਿਖਿਆ। ਘਰ ਵਿਚ ਹਰ ਵੀਰਵਾਰ ਤੀਰਥਾ ਖੁਦ ਢੋਲ ਖੜਕਾਉਂਦਾ। ਆਪੇ ਹੀ ਪੀਰ ਦੀ ਉਸਤਤੀ ਦੇ ਗੀਤ ਗਾਉਂਦਾ। ਚੌਧਰੀ ਹੋਣ ਕਰਕੇ ਤੀਰਥੇ ਦੀ ਚੜ੍ਹਤ ਇਤਨੀ ਹੈ ਕਿ ਹਰ ਸਮੇਂ 20–30 ਲੋਕ ਨਾਲ ਹੁੰਦੇ ਹਨ। ਹਰ ਸਾਲ ਤੀਰਥਾ ਪੀਰ ਦੇ ਸਲਾਨਾ ਉਤਸਵ ਤੇ ਇਕ ਵੱਡੀ ਮੰਡਲੀ ਦੇ ਲੀਡਰ ਦੇ ਤੌਰ ਤੇ ਜਾਂਦਾ ਹੈ। ਉਤਸਵ ਤੋਂ 3–4 ਮਹੀਨੇ ਪਹਿਲਾਂ ਹੀ ਲੋਕਾਂ ਨੂੰ 'ਨਿਗਾਹੇ' ਜਾਣ ਲਈ ਪ੍ਰੇਰਨ ਲੱਗ ਜਾਂਦਾ ਹੈ। ਇਹ ਹੁਣ ਪੱਕਾ ਸਰਵਰੀਆ ਬਣ ਚੁੱਕਿਆ ਹੈ। ਸਮਾਂ ਲੰਘਦਾ ਗਿਆ। ਘਰ ਵਿਚ ਇਕ ਧੀ ਨੇ ਜਨਮ ਲਿਆ ਜੋ ਹੁਣ 18 ਵੇਂ ਸਾਲ ਵਿਚ ਪੈਰ ਰੱਖ ਰਹੀ ਹੈ। ਸੱਭ ਸੁੱਖ ਆਰਾਮ ਹਨ। ਪਿੰਡ ਵਿਚ ਬਹੁਤ ਮਾਣ ਸਨਮਾਨ ਹੈ। ਰਾਜ ਦਰਬਾਰੇ ਵੀ ਚੰਗੀ ਪੁੱਛ ਪੈਂਦੀ ਹੈ। ਬਸ ਨਹੀਂ ਹੈ ਤਾਂ ਮਨ ਦਾ ਚੈਨ।

ਕਿਤੇ ਇਹ ਗੱਲ ਉਸਨੂੰ ਖਟਕਦੀ ਰਹਿੰਦੀ ਹੈ ਕਿ ਹਿੰਦੂ ਹਾਂ, ਮਾਂ ਪਿਉ ਹਿੰਦੂ ਸਨ। ਨਾਮ ਹਿੰਦੂਆਂ ਵਾਲਾ ਹੈ। ਪਰ ਪੂਜਾ ਕਰਦਾ ਹਾਂ ਕਬਰ ਦੀ। ਇਸ ਨੇ 'ਗੁਰੂ ਕੇ ਚੱਕ'( ਸ੍ਰੀ ਅੰਮ੍ਰਿਤਸਰ ਸਾਹਿਬ ਦਾ ਪਹਿਲਾ ਨਾਮ) ਦੀ ਸੋਭਾ ਵੀ ਸੁਣ ਰੱਖੀ ਹੈ। ਭਾਈ ਤਿਲੋਕਾ, ਭਾਈ ਲੰਗਾਹ ਅਤੇ ਭਾਈ ਬਹਿਲੋ ਜੋ ਪਹਿਲਾਂ ਮੋਢੀ ਸਰਵਰੀਏ ਸਨ। ਉਹਨਾਂ ਦੇ ਸਿੱਖ ਬਣ ਜਾਣ ਬਾਰੇ ਵੀ ਸੁਣ ਰੱਖਿਆ ਹੈ। ਇਹ ਵੀ ਪਤਾ ਹੈ ਕਿ ਸਿੱਖਾਂ ਦੇ ਵੱਡੇ ਗੁਰੂ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਕਿਹਾ ਸੀ ਕਿ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ ਹੈ। ਫਿਰ

ਕੌਣ ਹਾਂ ਮੈਂ? ਆਪਣੀ ਧਾਰਮਿਕ ਪਛਾਣ ਦਾ ਸਵਾਲ ਤੀਰਥੇ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ। ਆਪਣੀ ਪਤਨੀ ਨੂੰ ਆਪਣੇ ਦਿਲ ਦੀ ਗੱਲ ਦੱਸੀ। ਆਪਣੇ ਮਨ ਵਿਚ ਆਉਂਦੀ ਹਿੰਦੂ ਹੋਣ ਦੀ ਗੱਲ ਵੀ ਦੱਸੀ। ਇਹ ਵੀ ਦੱਸਿਆ ਕਿ ਸਰਵਰੀਏ ਤਾਂ ਅਸੀਂ ਤੇਰੇ ਮਾਪਿਆਂ ਵੱਲੋਂ ਵਿਆਹ ਸਮੇਂ ਰੱਖੀ ਸ਼ਰਤ ਤੋਂ ਪਿੱਛੋਂ ਹੀ ਬਣੇ ਹਾਂ। ਇਹ ਵੀ ਦੱਸਿਆ ਕਿ ਸਾਡਾ ਪਰਿਵਾਰ ਤਾਂ ਖਾਨਦਾਨੀ ਰਾਜਪੂਤਾਂ ਦਾ ਪਰਿਵਾਰ ਹੈ। ਅਸੀਂ ਪੂਰਨ ਭਗਤ ਦੀ ਵੰਸ਼ ਵਿਚੋਂ ਹਾਂ। ਆਪਣਾ ਧਾਰਮਿਕ ਵਿਰਸਾ ਛੱਡ ਕੇ ਵੀਹ ਸਾਲ ਹੋ ਗਏ ਪੀਰ ਦੇ ਗੁਣ ਗਾਉਂਦਿਆਂ। ਸਿਵਾਏ ਢੋਲ ਖੜਕਾਉਣ ਅਤੇ ਰੋਟ ਚੜ੍ਹਾਉਣ ਦੇ ਅਸੀਂ ਖੱਟਿਆ ਹੀ ਕੀ ਹੈ? ਗੁਣ ਤਾਂ ਰੱਬ ਦੇ ਗਾਉਣੇ ਸੀ, ਜੋ ਸਰਬ ਕਲਾ ਸਮਰੱਥ ਹੈ। ਪਰ ਪੂਜੀ ਮਿੱਟੀ ਨੂੰ ਜਾਂਦੇ ਹਾਂ। ਫਿਰ ਮਨ ਨੂੰ ਸ਼ਾਂਤੀ ਕਿਵੇਂ ਮਿਲੇ? ਤੀਰਥਾ ਆਪਣੇ ਮਨ ਨਾਲ ਫ਼ੈਸਲਾ ਕਰ ਚੁੱਕਾ ਸੀ ਕਿ ਇਸ ਵਾਰੀ 'ਨਿਗਾਹੇ' ਨੂੰ ਜਾਂਦੇ ਸਮੇਂ 'ਗੁਰੂ ਕੇ ਚੱਕ' ਜਾ ਕੇ ਗੁਰੂ ਜੀ ਦੇ ਦਰਸ਼ਨ ਜ਼ਰੂਰ ਕਰਨੇ ਹਨ।

ਪੀਰ ਦੇ ਸਲਾਨਾ ਉਤਸਵ ਤੇ 'ਨਿਗਾਹੇ' ਜਾਣ ਵਾਲੀ ਮੰਡਲੀ ਨੇ 'ਗੁਰੂ ਕੇ ਚੱਕ' ਦੇ ਕੋਲ ਪੜਾਅ ਕੀਤਾ। ਅਜੇ ਤੰਬੂ ਕਨਾਤਾਂ ਲੱਗ ਰਹੀਆਂ ਸਨ ਕਿ ਤੀਰਥਾ 'ਗੁਰੂ ਕੇ ਚੱਕ' ਨੂੰ ਤੁਰ ਗਿਆ। ਸ਼ਾਮ ਦੇ ਦੀਵਾਨ ਵਿਚ ਸੰਗਤ ਜੁੜੀ ਹੋਈ ਸੀ। 'ਸੋਦਰੁ' ਦਾ ਪਾਠ ਹੋ ਰਿਹਾ ਸੀ। 'ਤੂੰ ਕਰਤਾ ਸਚਿਆਰੁ ਮੈਡਾ ਸਾਂਈ॥ ਜੋ ਤਉ ਭਾਵੇ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ॥੧॥ ਰਹਾਉ॥ (ਪਾਵਨ ਅੰਗ 11) ਪਾਠ ਤੋਂ ਬਾਅਦ ਰਬਾਬੀਆਂ ਨੇ ਸੁਰ ਛੇੜੇ। ਤਬਲੇ ਦੀ ਥਾਪ ਨਾਲ ਗੁਰਬਾਣੀ ਦਾ ਗਾਇਨ ਹੋਇਆ:

'ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੇ ਕਉਣ॥
ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੇ ਕਉਣ॥ "(ਪਾਵਨ ਅੰਗ 952)

ਕੀਰਤਨ ਦਾ ਭੋਗ ਪਿਆ ਤਾਂ ਬਾਬਾ ਬੁੱਢਾ ਜੀ ਨੇ ਇਸੇ ਸ਼ਬਦ ਦੇ ਅਰਥ ਕਰਨ ਤੋਂ ਪਹਿਲਾਂ ਕਿਹਾ ਕਿ 'ਧੁਰ ਕੀ ਬਾਣੀ' ਦੇ ਅਰਥ ਕਰਨੇ ਸਾਡੇ ਦੁਨਿਆਵੀ ਜੀਵਾਂ ਦੀ ਸਮਝ ਤੋਂ ਪਰ੍ਹੇ ਦੀ ਗੱਲ ਹੈ ਪਰ ਜਿਤਨੀ ਕੁ ਸਤਿਗੁਰੂ ਜੀ ਨੇ ਮੈਨੂੰ ਸੋਝੀ ਦਿੱਤੀ ਹੈ ਉਸ ਅਨੁਸਾਰ ਅੱਖਰੀ ਅਰਥ ਹੀ ਕਰ ਸਕਾਂਗਾ। ਗੁਰੂ ਸਾਹਿਬ ਜੀ ਫ਼ੁਰਮਾ ਰਹੇ ਹਨ ਕਿ ਜਿਸ ਮਨੁੱਖ ਨੂੰ ਪ੍ਰਮਾਤਮਾ ਆਪਣੇ ਤੱਕ ਪਹੁੰਚਣ ਦਾ ਰਸਤਾ ਦਿਖਾ ਦਿੰਦਾ ਹੈ। ਤਾਂ ਫਿਰ ਅਜਿਹਾ ਕਿਹੜਾ ਮੂਰਖ ਬੰਦਾ ਹੋਵੇਗਾ ਜੋ ਉਸ ਰਸਤੇ ਨੂੰ ਭੁਲਾ ਦੇਵੇ। ਗੁਰੂ ਸਾਹਿਬ ਦੁਆਰਾ ਦੱਸੇ ਰਸਤੇ ਤੇ ਨਾ ਤੁਰੇ। ਅਗਲੀ ਤੁਕ ਵਿਚ ਇਸ ਦੇ ਦੂਸਰੇ ਪਹਿਲੂ ਬਾਰੇ ਸਮਝਾਉਣਾ ਕਰਦੇ ਹਨ ਕਿ ਜਿਸ ਤੇ ਉਸ ਪ੍ਰਭੂ ਦੀ ਕਿਰਪਾ ਨਾ ਹੋਵੇ, ਜਿਸ ਨੂੰ ਉਹ ਪ੍ਰਭੂ ਆਪ ਪੰਧ ਸ਼ੁਰੂ ਕਰਨ ਤੋਂ ਪਹਿਲਾਂ ਹੀ ਰਸਤਾ ਭੁਲਾ ਦੇਵੇ, ਭਾਵ ਗਲਤ ਰਸਤੇ ਪਾ ਦੇਵੇ; ਫਿਰ ਉਸਨੂੰ ਕੋਈ ਸਿੱਧੇ ਰਸਤੇ ਨਹੀਂ ਪਾ ਸਕਦਾ।

ਤੀਰਥ ਢਾਈ ਘੰਟੇ ਉਥੇ ਰਿਹਾ। ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਅੱਜ ਹੋਈ ਕਥਾ ਅਤੇ ਕੀਰਤਨ ਸਾਰਾ ਉਸ ਦੇ ਜੀਵਨ ਤੇ ਹੀ ਢੁੱਕ ਰਿਹਾ ਹੈ। ਗੁਰੂ ਜੀ ਦੇ ਦਰਸ਼ਨ ਤਾਂ ਨਾ ਹੋਏ ਪਰ ਗੁਰੂ ਕੇ ਸਿੱਖਾਂ ਨੂੰ ਮਿਲ ਕੇ ਹੀ ਅਜੀਬ ਰੰਗ ਚੜ੍ਹ ਰਿਹਾ ਸੀ। ਚੜ੍ਹੇ ਵੀ ਕਿਉਂ ਨਾ ਜਦੋਂ ਬਾਬਾ ਬੁੱਢਾ ਜੀ ਵਰਗੇ ਮਹਾਨ ਵਿਅਕਤੀ ਦੇ ਨਾ ਕੇਵਲ ਦਰਸ਼ਨ ਹੋਏ ਹੋਣ ਬਲਕਿ ਉਹਨਾਂ ਤੋਂ ਸ਼ਬਦ ਦੀ ਵਿਚਾਰ ਵੀ ਸੁਣੀ ਹੋਵੇ। ਰੰਗ ਤਾਂ ਚੜ੍ਹਨਾ ਹੀ ਹੋਇਆ। ਕਿਥੇ ਢੋਲ ਦੇ ਡੱਗੇ ਦਾ ਸ਼ੋਰ ਸ਼ਰਾਬਾ ਤੇ ਕਿਥੇ ਤਬਲੇ ਦੀ ਮਿੱਠੀ ਮਿੱਠੀ ਥਾਪ? ਕਿਥੇ ਆਪ ਬਣਾਏ ਹੋਏ ਕੱਚੇ ਗੀਤ ਤੇ ਕਿਥੇ 'ਧੁਰ ਕੀ ਬਾਣੀ' ਦਾ ਕੀਰਤਨ? ਕਿਥੇ ਬੇਸੁਰੇ ਗਲ਼ਿਆਂ ਵਿਚੋਂ ਨਿਕਲੀ ਆਵਾਜ਼ ਤੇ ਕਿਥੇ ਰਬਾਬ ਦੀਆਂ ਮਿੱਠੀਆਂ ਧੁਨਾਂ ਦੇ ਨਾਲ ਸੁਰਾਂ ਦਾ ਆਲਾਪ? ਤੀਰਥੇ ਦਾ ਜਾਣ ਨੂੰ ਚਿੱਤ ਨਹੀਂ ਸੀ ਕਰ ਰਿਹਾ ਪਰ ਹੁਣ ਆਖਰੀ ਵਾਰੀ ਜਾਣ ਲਈ ਉਠਿਆ ਤੇ ਇਹ ਫ਼ੈਸਲਾ ਕੀਤਾ ਕਿ ਵਾਪਸੀ ਤੇ ਪਿੰਡ ਨਹੀਂ ਜਾਣਾ।

ਤੀਰਥਾ ਮੰਡਲੀ ਦੇ ਨਾਲ ਪੀਰ ਦਾ ਸਲਾਨਾ ਉਰਸ (ਉਤਸਵ) ਮਨਾਉਣ ਲਈ 'ਨਿਗਾਹੇ' ਗਿਆ। ਪਰ ਉਸ ਦਾ ਮਨ ਤਾਂ 'ਗੁਰੂ ਕੇ ਚੱਕ' ਹੀ ਰਹਿ ਗਿਆ ਹੋਇਆ ਸੀ। ਵਾਪਸੀ ਤੇ ਉਸ ਨੇ ਆਪਣੇ ਇਕ ਦੋਸਤ ਦੇ ਹੱਥ ਸੁਨੇਹਾ ਭੇਜ ਦਿੱਤਾ ਕਿ ਉਹ ਕੁਝ ਦਿਨ 'ਗੁਰੂ ਕੇ ਚੱਕ' ਰਹਿ ਕੇ ਆਵੇਗਾ। ਜਦੋਂ ਉਹ ਗੁਰੂ ਦਰਬਾਰ ਪਹੁੰਚਿਆ ਤਾਂ ਕੀਰਤਨ ਹੋ ਰਿਹਾ ਸੀ, ਸ਼ਬਦ ਸੀ:

"ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ "(ਪਾਵਨ ਅੰਗ 929)

ਸ਼ਬਦ ਦੀ ਸਮਾਪਤੀ ਹੋਈ। ਗੁਰੂ ਸਾਹਿਬ ਜੀ ਸੰਗਤਾਂ ਨੂੰ ਮਿਲ ਕੇ ਉਹਨਾਂ ਦੀਆਂ ਲੋੜਾਂ ਤੇ ਮੁਸ਼ਕਲਾਂ ਸੁਣਨ ਲੱਗੇ। ਲੋਕਾਂ ਦੀਆਂ ਮੁਸ਼ਕਲਾਂ ਨਾਲੋ ਨਾਲ ਹੱਲ ਹੋ ਰਹੀਆਂ ਸਨ। ਸਬੱਬ ਨਾਲ ਮੰਡੀ ਦਾ ਰਾਜਾ ਵੀ ਦੀਵਾਨ ਵਿਚ ਆਇਆ ਹੋਇਆ ਹੈ। ਗੁਰੂ ਸਾਹਿਬ ਨੇ ਸਾਹਮਣੇ ਬਿਠਾਇਆ ਅਤੇ ਉਸਦੀ ਇੱਛਾ ਪੁੱਛੀ। ਰਾਜਾ ਬੋਲਿਆ,'ਸੱਚੇ ਪਾਤਸ਼ਾਹ, ਭਾਈ ਕਲਿਆਣੇ ਤੋਂ ਆਪ ਦੇ ਦਰਬਾਰ ਦੀ ਸੋਭਾ ਸੁਣ ਕੇ ਆਪ ਦੇ ਚਰਨਾਂ ਵਿਚ ਹਾਜ਼ਰ ਹੋਇਆ ਹਾਂ। ਪਰ ਇਥੇ ਵੀ ਕੀਰਤਨ ਸੁਣ ਕੇ ਮਨ ਸ਼ੰਕਾ ਵਿਚ ਪੈ ਗਿਆ ਹੈ ਕਿ ਜੇ ਲਿਖੇ ਹੋਏ ਲੇਖ ਮਿਟਣੇ ਹੀ ਨਹੀਂ ਤਾਂ ਫਿਰ ਇਥੇ ਆਉਣ ਦਾ ਵੀ ਕੀ ਲਾਭ? ਗੁਰੂ ਜੀ ਨੇ ਫ਼ੁਰਮਾਇਆ,"ਇਹ ਸਾਡੇ ਵੱਡੇ ਗੁਰੂ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਹੈ ਅਤੇ ਨਾ ਟਾਲੀ ਜਾ ਸਕਣ ਵਾਲੀ ਸਚਾਈ ਹੈ। ਪਰ ਤੂੰ ਚਿੰਤਾ ਨਾ ਕਰ। ਦੋ ਤਿੰਨ ਦਿਨਾਂ ਵਿਚ ਤੈਨੂੰ ਇਸ ਦਾ ਜਵਾਬ ਮਿਲ ਜਾਵੇਗਾ।

ਉਸ ਰਾਤ ਨੂੰ ਰਾਜਾ ਉਦਾਸ ਹੀ ਰਿਹਾ। ਉਸਦਾ ਮਨ ਕਹਿ ਰਿਹਾ ਸੀ, ਗੁਰੂ ਜੀ ਸਮਰੱਥ ਹਨ ਤਾਂ ਮੇਰੇ ਸੁਆਲ ਦਾ ਜੁਆਬ ਹੁਣੇ ਹੀ ਕਿਉਂ ਨਾ ਦਿੱਤਾ? ਦੋ ਤਿੰਨ ਦਿਨਾਂ ਦਾ ਇੰਤਜ਼ਾਰ ਕਿਉਂ? (ਆਖਰ ਰਾਜਾ ਸੀ ਨਾ) ਇਹਨਾਂ ਹੀ ਸੋਚਾਂ ਵਿਚ ਰਾਤ ਨੂੰ ਨੀਂਦ ਦੇਰ ਨਾਲ ਆਈ। ਸੁੱਤੇ ਨੂੰ ਸੁਪਨਾ ਆਇਆ। ਉਸ ਦਾ ਜਨਮ ਸੈਂਸੀਆਂ ਦੇ ਘਰ ਹੁੰਦਾ ਹੈ। ਸੁਪਨੇ ਵਿਚ ਹੀ ਵੱਡਾ ਹੋਇਆ, ਜਵਾਨ ਹੋਇਆ, ਵਿਆਹ ਹੋਇਆ, ਧੀਆਂ ਪੁੱਤਰ ਹੋਏ। ਸਾਰਾ ਜੀਵਨ ਮਿਹਨਤ ਦੇ ਬਾਅਦ ਵੀ ਗਰੀਬੀ ਅਤੇ ਦਰਿਦਰਤਾ ਵਿਚ ਬੀਤਿਆ। 60 ਸਾਲਾਂ ਦਾ ਹੋ ਕੇ ਮਰਿਆ ਅਤੇ ਉਸਨੂੰ ਦਫ਼ਨਾ ਦਿੱਤਾ ਗਿਆ ਅਤੇ ਉਸਦੀ ਨੀਂਦ ਖੁਲ ਗਈ। ਸੋਚਣ ਲਗਿਆ ਕਿ ਇਹ ਕਿਹੋ ਜਿਹਾ ਸੁਪਨਾ ਆਇਆ? ਅਗਲੇ ਦਿਨ ਆਏ ਇਸ ਸੁਪਨੇ ਨੂੰ ਗੁਰੂ ਸਾਹਿਬ ਜੀ ਨੂੰ ਦੱਸਿਆ। ਗੁਰੂ ਜੀ ਕੇਵਲ ਮੁਸਕਰਾਏ ਅਤੇ ਸ਼ਾਂਤ ਰਹਿਣ ਲਈ ਕਿਹਾ।

ਸ਼ਾਮ ਨੂੰ ਗੁਰੂ ਜੀ ਰਾਜੇ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਚਲੇ ਗਏ। ਜੰਗਲ ਵਿਚ ਜਾਣ ਬੁੱਝ ਕੇ ਗੁਰੂ ਜੀ ਉਸ ਕੋਲੋਂ ਅਲੱਗ ਹੋ ਗਏ। ਰਾਜਾ ਰਸਤਾ ਭਟਕ ਕੇ ਕਿਸੇ ਪਿੰਡ ਵਿਚ ਪਹੁੰਚ ਗਿਆ, ਉਥੇ ਲੋਕਾਂ ਨੇ ਉਸਨੂੰ ਘੇਰ ਲਿਆ ਤੇ ਕਹਿਣ ਲੱਗੇ,"ਲੋਕਾਂ ਦੇ ਉਧਾਰੇ ਲਏ ਪੈਸੇ ਮੋੜਨ ਦਾ ਮਾਰਾ ਮਰਨ ਦਾ ਪਖੰਡ ਕਰ ਰਿਹਾ ਹੈਂ? ਹੁਣ ਕਬਰ ਵਿਚੋਂ ਨਿਕਲ ਕੇ ਰਾਜੇ ਦਾ ਭੇਸ ਬਣਾਈ ਫਿਰ ਰਿਹਾ ਹੈਂ?" ਘਰ ਵਾਲੇ ਅਤੇ ਬੱਚੇ ਘਰ ਜਾਣ ਲਈ ਕਹਿਣ ਲੱਗੇ। ਰਾਜਾ ਬਥੇਰਾ ਕਹੇ ਕਿ ਉਹ ਤਾਂ ਮੰਡੀ ਦਾ ਰਾਜਾ ਹਰੀ ਸੈਨ ਹੈ ਪਰ ਲੋਕ ਕਿਥੇ ਮੰਨਣ? ਸ਼ਕਲ ਵੀ ਉਹੀ ਹੈ, ਕੱਦਕਾਠ ਵੀ ਉਹੀ ਹੈ। ਇਤਨੇ ਨੂੰ ਗੁਰੂ ਸਾਹਿਬ ਆ ਗਏ। ਉਹਨਾਂ ਨੇ ਆ ਕੇ ਪਿੰਡ ਵਾਲਿਆਂ ਨੂੰ ਸਮਝਾਇਆ। ਰਾਜੇ ਦੀ ਅਤੇ ਲੋਕਾਂ ਦੀ ਤਸੱਲੀ ਲਈ ਕਬਰ ਪੁੱਟੀ ਗਈ। ਰਾਜਾ ਆਪਣੀ ਸ਼ਕਲ ਦਾ ਮਰਿਆ ਬੰਦਾ ਵੇਖ ਕੇ ਹੈਰਾਨ ਪ੍ਰੇਸ਼ਾਨ ਹੋ ਰਿਹਾ ਹੈ।

ਅਗਲੇ ਦਿਨ ਗੁਰੂ ਜੀ ਨੇ ਸਾਰੀ ਗੱਲ ਰਾਜੇ ਦੇ ਮੂੰਹੋਂ ਸੰਗਤਾਂ ਨੂੰ ਸੁਣਵਾਈ। ਬਾਅਦ ਵਿਚ ਗੁਰੂ ਸਾਹਿਬ ਜੀ ਨੇ ਫੁਰਮਾਇਆ ਕਿ ਰਾਜਾ ਹਰੀ ਸੈਨ ਜੀ, ਹੁਣ ਤੁਹਾਡੇ ਮਨ ਵਿਚ ਪੈਦਾ ਹੋਏ ਸ਼ੰਕੇ ਦਾ ਨਿਵਾਰਣ ਕਰਦੇ ਹਾਂ। ਲਿਖੇ ਹੋਏ ਲੇਖ ਮਿਟਦੇ ਨਹੀਂ, ਭੋਗਣੇ ਪੈਂਦੇ ਹਨ। ਪਰ ਸੰਗਤ ਵਿਚ ਕੀਤੇ ਸਤਿਸੰਗ ਦਾ ਫ਼ਲ

ਤੁਹਾਨੂੰ ਇਹ ਮਿਲਿਆ ਕਿ 60 ਸਾਲਾਂ ਦੀ ਭੈੜੀ ਤੇ ਗਰੀਬੀ ਵਾਲੀ ਉਮਰ ਸੁਪਨੇ ਵਿਚ ਹੀ ਲੰਘਾ ਲਈ। ਅਤੇ ਇਹ ਫ਼ਲ ਕੇਵਲ ਇਥੇ ਕੀਤੇ ਸਤਿਸੰਗ ਦਾ ਹੀ ਨਹੀਂ ਸਗੋਂ ਉਸ ਸਮੇਂ ਤੋਂ ਹੀ ਮਿਲਣਾ ਸ਼ੁਰੂ ਹੋ ਗਿਆ ਸੀ ਜਦੋਂ ਤੋਂ ਤੁਹਾਡੇ ਮਨ ਵਿਚ ਇਥੇ ਆਉਣ ਦਾ ਵਿਚਾਰ ਹੀ ਬਣਨਾ ਸ਼ੁਰੂ ਹੋਇਆ ਸੀ। ਇਥੇ ਆ ਕੇ ਤਾਂ ਇਹ ਬੀਜ ਪੌਦਾ ਬਣਿਆ ਅਤੇ ਇਸ ਨੂੰ ਫ਼ਲ ਲੱਗਿਆ"।

ਇਹ ਸੱਭ ਕੁਝ ਤੀਰਥੇ ਨੇ ਆਪ ਵੇਖਿਆ, ਸੁਣਿਆ। ਇਸ ਸਾਰੀ ਘਟਨਾ ਨੇ ਉਸਦੇ ਮਨ ਵਿਚ ਇੰਨਾ ਵਿਸ਼ਵਾਸ ਬਣਾ ਦਿੱਤਾ ਕਿ ਦੀਵਾਨ ਦੀ ਸਮਾਪਤੀ ਤੋਂ ਬਾਅਦ ਤੀਰਥੇ ਨੇ ਗੁਰੂ ਜੀ ਕੋਲ ਨਤਮਸਤਕ ਹੋਕੇ ਆਪਣੀ ਸਿੱਖੀ ਬਖ਼ਸ਼ਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਜੀ ਨੇ ਮੇਹਰ ਦੀ ਦ੍ਰਿਸ਼ਟੀ ਪਾਈ ਅਤੇ ਪੁੱਛਿਆ, "ਭਾਈ ਕੌਣ ਹੈਂ? ਕਿਥੋਂ ਆਇਆ ਹੈਂ?

"ਸਤਿਗੁਰੂ ਜੀ, ਮੈਂ ਤੀਰਥ ਮੰਝ ਹਾਂ। ਕੰਗਮਾਈ ਪਿੰਡ ਦਾ ਚੌਧਰੀ ਹਾਂ। ਸਰਵਰੀਏ ਪੀਰ ਨੂੰ ਮੰਨਣ ਵਾਲਾ ਹਾਂ। ਪਰ ਮੈਂਨੂੰ ਆਪ ਦੀ ਸੰਗਤ ਵਿਚੋਂ ਇਹ ਪਤਾ ਲੱਗ ਗਿਆ ਹੈ ਕਿ ਮੈਂ ਵੱਡੇ ਹਨ੍ਹੇਰੇ ਵਿਚ ਹਾਂ। ਹੁਣ ਮੇਰੇ ਤੇ ਕਿਰਪਾ ਕਰੋ। ਮੈਨੂੰ ਆਪਣਾ ਸਿੱਖ ਬਣਾ ਲਓ"।

ਗੁਰੂ ਜੀ ਨੇ ਫ਼ੁਰਮਾਇਆ, "ਸਿੱਖ ਹੋਣਾ ਸੌਖਾ ਕੰਮ ਨਹੀਂ। ਵਾਲ ਤੋਂ ਬਰੀਕ ਖੰਡੇ ਦੀ ਧਾਰ ਉਤੇ ਤੁਰਨਾ ਪੈਣਾ ਹੈ। ਦੁੱਖ ਸਹਿ ਕੇ ਅਤੇ ਨੀਵਾਂ ਰਹਿ ਕੇ ਪ੍ਰਮਾਤਮਾ ਦੇ ਹੁਕਮ ਵਿਚ ਚੱਲਣਾ ਪੈਂਦਾ ਹੈ"।

ਤੀਰਥ ਇਕ ਦਮ ਬੋਲਿਆ, 'ਮੈਂ ਤਿਆਰ ਹਾਂ ਜੀ'।

ਗੁਰੂ ਜੀ ਨੇ ਫਿਰ ਫ਼ੁਰਮਾਇਆ, "ਪੁਰਖਾ, ਸਿੱਖੀ ਉਤੇ ਸਿੱਖੀ ਨਹੀਂ ਟਿਕ ਸਕਦੀ"।

ਚੌਧਰੀ ਤੀਰਥ ਇਕ ਦਮ ਗੁਰੂ ਜੀ ਵੱਲੋਂ ਕੀਤੀ ਗੁੱਝੀ ਚੋਟ ਨੂੰ ਸਮਝ ਕੇ ਬੋਲਿਆ, 'ਮੈਂ ਕਬਰ ਢਾਹ ਦਿਆਂਗਾ ਸਤਿਗੁਰੂ ਜੀ'।

ਗੁਰੂ ਜੀ ਨੇ ਫ਼ਿਰ ਕਿਹਾ, "ਤੇਰੇ ਲੋਕਾਂ ਨੇ ਤੇਰਾ ਸਾਥ ਛੱਡ ਦੇਣਾ ਹੈ। ਜੀਣਾ ਹਰਾਮ ਕਰ ਦੇਣਾ ਹੈ ਤੇਰਾ। ਸਾਰੇ ਸੁੱਖ ਜਾਂਦੇ ਰਹਿਣਗੇ। ਇਕ ਵਾਰੀ ਫੇਰ ਸੋਚ ਲੈ"।

ਤੀਰਥ ਦੇ ਮਨ ਉਤੇ ਮੰਡੀ ਵਾਲੇ ਰਾਜੇ ਨਾਲ ਬੀਤੀ ਘਟਨਾ ਦਾ ਇਤਨਾ ਅਸਰ ਸੀ ਕਿ ਉਹ ਹੱਥ ਜੋੜ ਇਕੋ ਬੇਨਤੀ ਕਰੀ ਜਾ ਰਿਹਾ ਹੈ, 'ਮੈਨੂੰ ਆਪਣੀ ਸਿੱਖੀ ਬਖ਼ਸ਼ ਦਿਓ। ਮੈਨੂੰ ਆਪਣੀ ਸਿੱਖੀ ਬਖ਼ਸ਼ ਦਿਓ।'

ਗੁਰੂ ਸਾਹਿਬ ਜੀ ਦਿਆਲ ਹੋਏ ਅਤੇ ਕਿਹਾ, "ਪੁਰਖਾ 'ਤੀਰਥ' ਨਾਮ ਹੈ ਤੇਰਾ। 'ਤੀਰਥ' ਕਰਨ ਲਈ 'ਨਿਗਾਹੇ' ਜਾਂਦਾ ਰਿਹਾ ਹੈਂ ਪਰ ਅਸਲੀ 'ਤੀਰਥ' ਉਸ ਸਮੇਂ ਹੋਏਗਾ ਜਦੋਂ ਪ੍ਰਮਾਤਮਾ ਦੀ 'ਨਿਗਾਹ' ਤੇਰੇ ਉਪਰ ਹੋਈ। ਦੂਜੀ ਗੱਲ ਇਹ ਭਾਈ ਕਿ ਤੀਰਥ ਨਾਮ ਦੇ ਸਾਡੇ ਕਈ ਸਿੱਖ ਹਨ। ਅੱਜ ਤੋਂ ਤੂੰ ਭਾਈ ਮੰਝ ਹੋਇਆ। ਜਾਹ, ਕੁਝ ਦਿਨ ਸੇਵਾ ਕਰ। ਸਿਮਰਨ ਕਰ ਵਾਹਿਗੁਰੂ ਦਾ। ਸੰਗਤ ਕਦੇ ਨਹੀਂ ਛੱਡਣੀ"।

ਅਜੇ ਸੇਵਾ ਸਿਮਰਨ ਕਰਦਿਆਂ ਨੂੰ ਦਸ ਦਿਨ ਹੀ ਹੋਏ ਸਨ ਕਿ ਗੁਰੂ ਜੀ ਨੇ ਭਾਈ ਮੰਝ ਨੂੰ ਆਪਣੇ ਕੋਲ ਬੁਲਾਇਆ। ਆਪਣੇ ਪਿੰਡ ਜਾਣ ਦਾ ਹੁਕਮ ਕੀਤਾ। ਸਿਮਰਨ ਅਤੇ ਸੇਵਾ ਕਦੇ ਨਾ ਛੱਡਣ ਦਾ ਉਪਦੇਸ਼ ਦਿੱਤਾ। ਘਰ ਬਣਾਈ ਕਬਰ ਢਾਹ ਦੇਣ ਦਾ ਵਾਅਦਾ ਲਿਆ। ਅਰ ਕਿਹਾ, "ਮੁਸ਼ਕਲਾਂ ਆਉਣਗੀਆਂ, ਡੋਲਣਾ ਨਹੀਂ। ਉਦੋਂ ਤੱਕ ਸਾਡੇ ਕੋਲ ਨਹੀਂ ਆਉਣਾ ਜਦੋਂ ਤੱਕ ਅਸੀਂ ਨਾ ਬੁਲਾਈਏ"।

ਗੁਰੂ ਸਾਹਿਬ ਜੀ ਦੇ ਨਾਲ ਕੀਤੇ ਵਾਅਦੇ ਅਨੁਸਾਰ ਪਿੰਡ ਆ ਕੇ ਭਾਈ ਮੰਝ ਨੇ ਸੱਭ ਤੋਂ ਪਹਿਲਾ ਕੰਮ ਪੀਰ ਦੀ ਕਬਰ ਢਾਉਣ ਦਾ ਕੀਤਾ। ਲੋਕਾਂ ਨੇ ਕਬਰ ਦੀ ਮਿੱਟੀ ਕੱਢੀ ਵੇਖ ਕੇ ਮਿਹਣੇ ਮਾਰੇ। ਕਈ

ਸਰਵਰੀਆਂ ਨੇ ਰਾਜ ਦਰਬਾਰੇ ਸ਼ਿਕਾਇਤ ਕਰਕੇ ਚੌਧਰ ਖਤਮ ਕਰਵਾ ਦਿੱਤੀ। ਫੇਰ ਪੰਚਾਇਤ ਤੋਂ ਉਹਨਾਂ ਦੇ ਬਾਈਕਾਟ ਦਾ ਹੁਕਮ ਜਾਰੀ ਕਰਵਾ ਦਿੱਤਾ। ਭਾਈ ਮੰਝ ਨਾਲ ਹਮਦਰਦੀ ਰੱਖਣ ਵਾਲੇ ਅਤੇ ਨੇੜਲੇ ਸਾਥੀਆਂ ਨੇ ਵੀ ਪੰਚਾਇਤ ਦੇ ਡਰ ਤੋਂ ਬੋਲਣਾ ਬੰਦ ਕਰ ਦਿੱਤਾ। ਸਹੁਰੇ ਪਰਿਵਾਰ ਵਲੋਂ ਵੀ ਬੋਲਚਾਲ ਬੰਦ ਕਰ ਦਿੱਤੀ ਗਈ।

ਕਰਨੀ ਰੱਬ ਦੀ ਉਹਨਾਂ ਦੀਆਂ ਮੱਝਾਂ ਤੇ ਮਾਲ ਡੰਗਰ ਕਿਸੇ ਬਿਮਾਰੀ ਕਾਰਨ ਮਰ ਗਿਆ। ਕਾਰੋਬਾਰ ਖਤਮ ਹੋ ਗਿਆ। ਔਖੇ ਸਮੇਂ ਲਈ ਜੋੜੀ ਪੂੰਜੀ ਖਤਮ ਹੋ ਗਈ। ਲੋਕਾਂ ਲਈ ਇਹ ਪੀਰ ਦੀ ਕਰੋਪੀ ਸੀ। ਪਰ ਭਾਈ ਮੰਝ ਲਈ ਇਹ ਗੁਰੂ ਸਾਹਿਬ ਜੀ ਵੱਲੋਂ ਲਿਆ ਜਾ ਰਿਹਾ ਇਮਤਿਹਾਨ ਸੀ। ਭਾਈ ਮੰਝ ਨਾਲ ਦੇ ਪਿੰਡ ਜਾ ਕੇ ਮਜ਼ਦੂਰੀ ਕਰਨ ਲੱਗ ਪਏ। ਜਿਸ ਦਿਨ ਕੰਮ ਨਾ ਮਿਲਣਾ ਉਸ ਦਿਨ ਘਾਹ ਖੋਤ ਕੇ ਵੇਚ ਦੇਣਾ। ਗਰੀਬੀ ਅਤਿ ਦੀ ਆ ਗਈ। ਪਰ ਭਾਈ ਮੰਝ ਅਡੋਲ ਰਹੇ।

ਪਰਮਾਤਮਾ ਦੀ ਰਜ਼ਾ ਵਿਚ ਦਿਨ ਗੁਰੂ ਗੁਰੂ ਜਪਦੇ ਬਤੀਤ ਹੋ ਰਹੇ ਸਨ। ਇਕ ਦਿਨ 'ਗੁਰੂ ਕੇ ਚੱਕ' ਤੋਂ ਇਕ ਸਿੱਖ ਗੁਰੂ ਸਾਹਿਬ ਜੀ ਦਾ ਹੁਕਮਨਾਮਾ ਲੈ ਕੇ ਆਇਆ। ਨਾਲ ਹੀ ਗੁਰੂ ਜੀ ਵੱਲੋਂ ਰੱਖੀ ਸ਼ਰਤ ਵੀ ਸੁਣਾਈ ਕਿ ਦੇਣ ਤੋਂ ਪਹਿਲਾਂ ਹੁਕਮਨਾਮੇ ਦੀ ਭੇਟਾ ਵਜੋਂ 11/-ਰੁਪਏ ਲੈਣੇ ਹਨ। ਭਾਈ ਮੰਝ ਨੇ ਅੱਖਾਂ ਬੰਦ ਕਰਕੇ ਕਿਹਾ ਕਿ ਧੰਨ ਭਾਗ ਮੇਰੇ ਕਿ ਗੁਰੂ ਸਾਹਿਬ ਜੀ ਨੇ ਮੈਂਨੂੰ ਇਸ ਯੋਗ ਸਮਝਿਆ ਹੈ। ਆਏ ਸਿੱਖ ਨੂੰ ਮੰਜਾ ਬਿਸਤਰਾ ਦਿੱਤਾ। ਉਸਨੇ ਅਤੇ ਉਸ ਦੀ ਪਤਨੀ ਨੇ ਰਲ ਕੇ ਲੰਗਰ ਛਕਾਇਆ। ਜਦੋਂ ਉਹ ਸਿੱਖ ਆਰਾਮ ਕਰਨ ਲੱਗਿਆ ਤਾਂ ਭਾਈ ਮੰਝ ਨੇ ਪਤਨੀ ਨੂੰ ਸਾਰੀ ਗੱਲ ਦੱਸੀ। ਉਸਨੇ ਪਤੀ ਨੂੰ ਚਿੰਤਾ ਵਿਚ ਦੇਖ ਕੇ ਆਪਣੇ ਆਪ ਨੂੰ ਗਹਿਣੇ ਪਾਉਣ ਦੀ ਗੱਲ ਕਹੀ।

ਭਾਈ ਮੰਝ ਨੇ ਨਾਲ ਦੇ ਪਿੰਡ ਦੇ ਸ਼ਾਹ ਕੋਲ ਆਪਣੀ ਪਤਨੀ ਨੂੰ ਗਿਰਵੀ ਰੱਖ ਕੇ 11/-ਰੁਪਏ ਲਏ। ਗੁਰੂ ਸਾਹਿਬ ਜੀ ਵੱਲੋਂ ਭੇਜੇ ਗੁਰਸਿੱਖ ਨੂੰ ਭੇਟਾ ਦੇ ਕੇ ਹੁਕਮਨਾਮਾ ਲਿਆ।{ਇਸ ਘਟਨਾ ਨੂੰ ਵੀ ਕਈ ਲੋਕ ਗੁਰਮਤਿ ਦੇ ਵਿਰੁਧ ਦੱਸਦੇ ਹੋਏ ਕਹਿੰਦੇ ਹਨ ਕਿ ਭਾਈ ਮੰਝ ਅਜਿਹਾ ਨਹੀਂ ਕਰ ਸਕਦੇ ਸੀ, ਪਰ ਉਨਾਂ ਦੇ ਗਿਆਨ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਵੀ ਉਸ ਸਮੇਂ ਮਜ਼ਦੂਰੀ ਦਾ ਇਕ ਢੰਗ ਸੀ। ਗਰੀਬ ਲੋਕ ਆਪਣੇ ਬੱਚੇ, ਬੱਚੀਆਂ, ਪਤਨੀਆਂ ਜਾਂ ਖੁਦ ਨੂੰ ਕੁਝ ਰਕਮ ਲੈ ਕੇ ਕੇਵਲ ਰੋਟੀ ਪਾਣੀ ਉਪਰ ਹੀ ਅਮੀਰ ਲੋਕਾਂ ਕੋਲ ਭੇਜ ਦਿਆ ਕਰਦੇ ਸਨ। ਇਸ ਨੂੰ 'ਜੀਅ ਗਹਿਣੇ ਪਾਉਣਾ' ਜਾਂ 'ਬੰਧੂਆ ਮਜ਼ਦੂਰੀ" ਕਹਿੰਦੇ ਸਨ ਜਦੋਂ ਉਹਨਾਂ ਕੋਲ ਰਕਮ ਜੁੜ ਜਾਂਦੀ ਤਾਂ ਪੈਸੇ ਮੋੜ ਕੇ ਆਪਣਾ 'ਜੀਅ' ਘਰ ਲੈ ਆਂਉਦੇ} ਭਾਈ ਮੰਝ ਨੇ ਹੁਕਮਨਾਮਾ ਮੱਥੇ ਨੂੰ ਛੁਹਾਇਆ। ਫਿਰ ਪੜ੍ਹਿਆ। ਕੇਵਲ ਇਤਨਾ ਹੀ ਲਿਖਿਆ ਸੀ,"ਭਾਈ ਮੰਝ, ਅਜੇ ਕੁਝ ਸਮਾਂ ਹੋਰ ਆਪਣੇ ਪਿੰਡ ਹੀ ਰਹੋ। ਤੈਨੂੰ ਕਰਤਾਰ ਚੇਤੇ ਆਵੇ। ਫਿਰ ਬੁਲਾਂਵਾਂਗੇ"। ਭਾਈ ਮੰਝ ਦਾ ਸਿਰੜ ਫਿਰ ਵੀ ਨਾ ਡੋਲਿਆ। ਗੁਰੂ ਸਾਹਿਬ ਜੀ ਦੇ ਹੁਕਮ ਨੂੰ ਆਪਣਾ ਇਮਤਿਹਾਨ ਜਾਣ ਕੇ ਦਿਨ ਉਸੇ ਤਰ੍ਹਾਂ ਬਤੀਤ ਕਰਨ ਲੱਗਿਆ। ਪਰ ਹੁਣ ਬੈਰਾਗ ਹੋਰ ਵੱਧ ਗਿਆ। ਰਾਤਾਂ ਨੂੰ ਨੀਂਦ ਨਹੀਂ ਸੀ ਆਉਦੀ। ਨੀਂਦ ਨਾ ਆਉਣ ਕਾਰਨ ਸਿਮਰਨ ਹੋਰ ਵੱਧ ਗਿਆ। ਪ੍ਰੀਤ ਹੋਰ ਪਕੇਰੀ ਹੁੰਦੀ ਗਈ।

ਪੰਦਰਾਂ ਕੁ ਦਿਨਾਂ ਬਾਅਦ ਗੁਰੂ ਸਾਹਿਬ ਜੀ ਨੇ ਫਿਰ ਹੁਕਮਨਾਮਾ ਭੇਜਿਆ। ਫਿਰ ਸ਼ਰਤ ਉਹੀ ਰੱਖੀ। ਭੇਟਾ 11/-ਰੁਪਏ । ਹੁਕਮਨਾਮਾ ਲੈ ਕੇ ਆਏ ਗੁਰਸਿੱਖ ਨੇ ਕਿਹਾ, 'ਭਾਈ ਮੰਝ, ਤੂੰ ਧੰਨ ਹੈਂ। ਗੁਰੂ ਸਾਹਿਬ ਜੀ ਨੂੰ ਤੇਰੀ ਹਾਲਤ ਬਾਰੇ ਸੱਭ ਕੁਝ ਪਤਾ ਹੈ। ਪਰ ਪਤਾ ਨਹੀਂ ਕਿਉਂ ਉਹ ਤੇਰੀ ਪ੍ਰੀਖਿਆ ਲੈ ਰਹੇ ਹਨ? ਇਹ ਤਾਂ ਗੁਰੂ ਦੀਆਂ ਗੁਰੂ ਜਾਣੇ। ਪਰ ਤੁਹਾਡੀ ਅਡੋਲਤਾ ਅਤੇ ਤੁਹਾਡੇ ਭਰੋਸੇ ਨੂੰ ਬਾਰ ਬਾਰ ਪ੍ਰਣਾਮ ਹੈ।'

ਹੁਕਮਨਾਮਾ ਲੈਕੇ ਆਏ ਗੁਰਸਿੱਖ ਨੂੰ ਜਲ ਪਾਣੀ ਛਕਾ ਕੇ ਆਰਾਮ ਕਰਨ ਲਈ ਮੰਜਾ ਦੇ ਦਿੱਤਾ। ਆਪ ਅਜੇ ਬਾਹਰ ਨਿਕਲਿਆ ਹੀ ਸੀ ਕਿ ਪਿੰਡ ਦਾ ਇਕ ਜੁਆਨ ਮਿਲ ਪਿਆ। ਇਹ ਬੜਾ ਬੜਬੋਲੇ ਕਿਸਮ ਦਾ ਮੁੰਡਾ ਸੀ, ਧਾਰਮਿਕ ਰੀਤੀਆਂ ਤੋਂ ਜ਼ਰਾ ਪਰ੍ਹੇ ਸੀ, ਪਰ ਭਲਾਮਾਣਸ ਸੀ, ਬੋਲਿਆ,'ਸੁਣਾ ਭਾਈ ਚਾਚਾ, ਸਿੱਖੜਾ ਬਣ ਕੇ ਕੀ ਖੱਟਿਆ?'

ਭਾਈ ਮੰਝ ਜੀ ਬੋਲੇ,'ਇਹ ਤਾਂ ਤੂੰ ਜਾਣਦਾ ਹੀ ਹੈਂ, ਫਿਰ ਪੁੱਛਦਾ ਕੀ ਹੈਂ?'

ਉਹ ਫਿਰ ਬੋਲਿਆ,'ਠੀਕ ਹੈ ਚਾਚਾ, ਤੂੰ ਖੱਟਿਆ ਵੀ ਨਹੀਂ ਤੇ ਖੱਟਿਆ ਵੀ ਬਹੁਤ ਕੁਝ ਹੈ। ਮੈਂ ਭਾਂਵੇਂ ਕਿਸੇ ਨੂੰ ਨਹੀਂ ਮੰਨਦਾ। ਪਰ ਤੇਰੇ ਭਰੋਸੇ ਨੂੰ ਸਮਝ ਸਕਦਾ ਹਾਂ। ਕਿਸੇ ਦੇ ਬਣੀਏ ਤਾਂ ਤੇਰੇ ਵਰਗੇ ਬਣੀਏ। ਕਿਸੇ ਨੂੰ ਬਣਾਈਏ ਤਾਂ ਵੀ ਤੇਰੇ ਵਾਂਗੂੰ ਬਣਾਈਏ। ਅੱਛਾ ਇਹ ਤਾਂ ਦੱਸ ਚਾਚਾ, ਕਿਹੜੇ ਕੰਮ ਚੱਲਿਆ ਹੈਂ?'

ਭਾਈ ਮੰਝ ਦੇ ਦਿਮਾਗ ਵਿਚ ਇਕ ਦਮ ਇਹ ਗੱਲ ਆ ਗਈ ਕਿ ਇਸਨੂੰ ਵੀ ਤਾਂ ਪ੍ਰਮਾਤਮਾ ਨੇ ਭੇਜਿਆ ਹੈ। ਹੋਰਾਂ ਤੋਂ ਵੀ ਤਾਂ ਪੈਸੇ ਮੰਗਣੇ ਹੀ ਹਨ, ਇਸੇ ਤੋਂ ਕਿਉਂ ਨਾ ਮੰਗ ਲਵਾਂ? ਭਾਈ ਮੰਝ ਨੇ ਕਿਹਾ, 'ਪੁੱਤਰ ਜੀ, ਮੈਨੂੰ 11/- ਰੁਪਏ ਚਾਹੀਦੇ ਹਨ'।

'ਚਾਚਾ, ਇਸ ਦੇ ਬਦਲੇ ਤੂੰ ਕੀ ਦੇਵੇਂਗਾ?'

' ਜੋ ਤੂੰ ਕਹੇਂ'

' ਤਾਂ ਫਿਰ ਆਪਣੀ ਲੜਕੀ ਮੈਂਨੂੰ ਦੇ ਦੇ'

'ਠੀਕ ਹੈ, ਦੇ 11/- ਰੁਪਏ। ਲੜਕੀ ਮੈਂ ਤੇਰੇ ਘਰ ਭੇਜ ਦਿਆਂਗਾ'

ਉਸ ਨੂੰ ਇਸ ਜੁਆਬ ਦੀ ਆਸ ਨਹੀਂ ਸੀ। ਉਹ ਕਹਿਣ ਲੱਗਿਆ,'ਮੈਂ ਤਾਂ ਮਜ਼ਾਕ ਕੀਤਾ ਹੈ। ਚਾਚਾ, ਤੇਰੀ ਕੁੜੀ ਤਾਂ ਮੇਰੀ ਪਿੰਡ ਦੀ ਭੈਣ ਹੋਈ। ਇਹ ਲੈ ਤੂੰ 11/- ਰੁਪਏ। ਮੈਂਨੂੰ ਸ਼ਰਮਿੰਦਾ ਨਾ ਕਰ'।

ਭਾਈ ਮੰਝ ਨੇ ਪੈਸੇ ਫੜਦੇ ਹੋਏ ਕਿਹਾ,'ਤੇਰੀ ਬਹੁਤ ਮੇਹਰਬਾਨੀ, ਇਹਨਾਂ ਦੇ ਬਦਲੇ ਲੜਕੀ ਮੈਂ ਤੇਰੇ ਘਰ ਪਹੁੰਚਾ ਦਿਆਂਗਾ। ਤੂੰ ਉਸਨੂੰ ਆਪਣੀ ਭੈਣ ਸਮਝੀਂ ਜਾਂ ਕੁੱਝ ਹੋਰ। ਇਹ ਸੱਭ ਤੇਰੇ ਉਤੇ'। ਭਾਈ ਮੰਝ ਨੇ ਸੋਚਿਆ ਜੇ ਹੁਣੇ ਹੀ ਗੁਰੂ ਸਾਹਿਬ ਨੇ ਇਸ ਦਾ ਮਨ ਬਦਲ ਦਿੱਤਾ ਹੈ ਤਾਂ ਹੋ ਸਕਦਾ ਹੈ ਕਿ ਲੜਕੀ ਦੀ ਸੰਗਤ ਨਾਲ ਇਹ ਗੁਰੂ ਜੀ ਦਾ ਸਿੱਖ ਹੀ ਬਣ ਜਾਵੇ।

ਭਾਈ ਮੰਝ ਨੇ 11/- ਰੁਪਏ ਦੀ ਭੇਟਾ ਦੇ ਕੇ ਹੁਕਮਨਾਮਾ ਲਿਆ। ਤਿੰਨ ਵਾਰੀ ਮੱਥੇ ਨੂੰ ਲਾਇਆ, ਖੋਲ੍ਹਿਆ, ਫਿਰ ਪੜ੍ਹਿਆ। ਲਿਖਿਆ ਸੀ –'ਭਾਈ ਮੰਝ, ਤੁਸੀਂ ਇਸ ਸਿੱਖ ਦੇ ਨਾਲ ਹੀ 'ਗੁਰੂ ਕੇ ਚੱਕ' ਨੂੰ ਆ ਜਾਓ। ' ਭਾਈ ਮੰਝ ਨੇ ਧੰਨ ਗੁਰੂ ਅਰਜਨ ਸਾਹਿਬ ਜੀ ਕਹਿ ਕੇ 'ਗੁਰੂ ਕੇ ਚੱਕ' ਵੱਲ ਨੂੰ ਮੂੰਹ ਕਰਕੇ ਨਮਸਕਾਰ ਕੀਤੀ। ਲੜਕੀ ਨੂੰ ਉਸ ਭਲੇ ਮਾਣਸ ਦੇ ਘਰ ਛੱਡ ਕੇ ਉਹ ਪਰਸ਼ਾਦਾ ਛੱਕ ਕੇ 'ਗੁਰੂ ਕੇ ਚੱਕ' ਵੱਲ ਨੂੰ ਚੱਲ ਪਏ।

ਦੋ ਦਿਨ ਦੇ ਸਫ਼ਰ ਤੋਂ ਬਾਅਦ ਉਹ 'ਗੁਰੂ ਕੇ ਚੱਕ' ਪਹੁੰਚੇ। ਗੁਰੂ ਜੀ ਉਨਾਂ ਨੂੰ ਲੰਗਰ ਦੇ ਬਾਹਰ ਹੀ ਮਿਲ ਗਏ। ਦੋਹਾਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ। ਗੁਰੂ ਸਾਹਿਬ ਜੀ ਨੇ ਭਾਈ ਮੰਝ ਨੂੰ ਹੁਕਮ ਕੀਤਾ, "ਦੋਵੇਂ ਸਮੇਂ ਸਤਿਸੰਗ ਵਿਚ ਜੁੜਨਾ ਹੈ। ਸਦਾ ਨਾਮ ਜਪਦੇ ਰਹਿਣਾ ਹੈ। ਜਿੰਨੀ ਵੱਧ ਹੋ ਸਕੇ ਸੇਵਾ ਕਰਨੀ ਹੈ। ਭਲਾ ਹੋਵੇਗਾ"।

ਸ਼ਾਮ ਦੇ ਦੀਵਾਨ ਵਿਚ ਪਹਿਲਾਂ ਕਥਾ ਹੁੰਦੀ ਸੀ। ਫਿਰ ਕੀਰਤਨ। ਉਸ ਤੋਂ ਬਾਅਦ 'ਸੋਦਰੁ' ਦਾ ਪਾਠ। ਉਸ ਤੋਂ ਬਾਅਦ ਅਰਦਾਸ ਕਰਕੇ ਭੋਗ ਪਾਇਆ ਜਾਂਦਾ ਸੀ। ਕੁਦਰਤੀ ਅੱਜ ਦੇ ਦੀਵਾਨ ਵਿਚ ਕਥਾ ਦਾ ਪ੍ਰਸੰਗ ਸੇਵਾ ਦਾ ਸੀ। ਕਥਾ ਕਰਨ ਵਾਲੇ ਗੁਰਸਿੱਖ ਨੇ ਪਹਿਲਾਂ ਸਾਖੀ ਗੁਰੂ ਅੰਗਦ ਦੇਵ ਜੀ ਦੀ ਸੁਣਾਈ ਜਦੋਂ ਉਹ ਕਰਤਾਰਪੁਰ ਵਿਚ ਭਾਈ ਲਹਿਣੇ ਦੇ ਰੂਪ ਵਿਚ ਸੇਵਾ ਕਰ ਰਹੇ ਸਨ। ਕਰਤਾਰਪੁਰ ਤੋਂ ਇਕ ਵਾਰੀ ਆਪਣੇ ਘਰ ਖਡੂਰ ਆਏ। (ਪਿੰਡ ਖਡੂਰ ਨੂੰ ਖਡੂਰ ਸਾਹਿਬ ਬਾਅਦ ਵਿਚ ਕਿਹਾ ਜਾਣ ਲੱਗਾ) ਦੋ ਤਿੰਨ ਦਿਨ ਬਾਅਦ ਵਾਪਸ ਕਰਤਾਰਪੁਰ ਜਾਣ ਲੱਗੇ ਤਾਂ ਗੁਰੂ ਕੇ ਲੰਗਰ ਲਈ 30-32 ਕਿਲੋ ਦਾ ਲੂਣ ਦਾ ਢੇਲਾ ਲੈ ਲਿਆ। (ਪਹਿਲਾਂ ਲੂਣ ਵੱਡੇ ਢੇਲਿਆਂ ਵਿਚ ਹੀ ਹੁੰਦਾ ਸੀ, ਜਿਸ ਨੂੰ ਤੋੜ ਕੇ ਪੀਸਿਆ ਜਾਂਦਾ ਸੀ।) ਲੂਣ ਆਪਣੇ ਸਿਰ ਤੇ ਚੁੱਕ ਕੇ ਤੁਰ ਪਏ। ਵੱਡੇ ਲੜਕੇ ਦਾਤੂ ਜੀ ਨੇ ਕਿਹਾ ਕਿ ਪਿਤਾ ਜੀ ਘਰ ਵਿਚ ਘੋੜੀਆਂ ਹਨ। ਇਕ ਘੋੜੀ ਲੈ ਜਾਓ। 25-30 ਕੋਹ (ਇਕ ਕੋਹ ਦਾ ਸਵਾ ਮੀਲ) ਦਾ ਪੈਦਲ ਸਫ਼ਰ ਅਤੇ ਸਿਰ ਉਪਰ ਭਾਰਾ ਨਮਕ ਦਾ ਢੇਲਾ ਵੀ ਹੈ। ਭਾਈ ਲਹਿਣਾ ਜੀ ਨੇ ਕਿਹਾ, 'ਪੁੱਤਰ ਜੀ, ਪਹਿਲਾਂ ਸਮਝ ਨਹੀਂ ਸੀ, ਘੋੜੀਆਂ ਤੇ ਹੀ ਜਾਂਦੇ ਰਹੇ ਹਾਂ। ਜੇ ਘੋੜੀ ਤੇ ਗਿਆ ਤਾਂ ਮੇਰੇ ਭਾਰ ਦੀ ਅਤੇ ਲੂਣ ਦੇ ਭਾਰ ਦੀ ਸੇਵਾ ਤਾਂ ਘੋੜੀ ਨੇ ਲੈ ਜਾਣੀ ਹੈ।'

ਫੇਰ (ਗੁਰੂ) ਅਮਰ ਦਾਸ ਜੀ ਦੀ ਗਾਗਰ ਢੋਣ ਦਾ ਜ਼ਿਕਰ ਕੀਤਾ ਕਿ ਬਾਰਾਂ ਸਾਲਾਂ ਵਿਚ ਬਜ਼ੁਰਗ ਅਮਰ ਦਾਸ ਨੇ ਇਕ ਵਾਰੀ ਵੀ ਮਨ ਵਿਚ ਨਾ ਲਿਆਂਦਾ ਕਿ ਗੁਰੂ ਜੀ ਨੇ ਜ਼ਰੂਰੀ ਬਿਆਸ ਦੇ ਜਲ ਨਾਲ ਹੀ ਇਸ਼ਨਾਨ ਕਰਨਾ ਹੈ? ਇਥੋਂ ਨੇੜਿਉਂ ਕਿਸੇ ਖੂਹ ਤੋਂ ਪਾਣੀ ਨਹੀਂ ਮੰਗਵਾ ਸਕਦੇ? ਇਹ ਵੀ ਦੱਸਿਆ ਕਿ ਪਾਣੀ ਦੀ ਗਾਗਰ ਲੈਣ ਜਾਂਦੇ ਸਮੇਂ ਆਪਣਾ ਮੁੱਖ ਵੀ ਖਡੂਰ ਸਾਹਿਬ ਵੱਲ ਰੱਖਦੇ ਸਨ ਤਾਂ ਕਿ ਗੁਰੂ ਜੀ ਵੱਲ ਪਿੱਠ ਨਾ ਹੋ ਜਾਵੇ।

ਫੇਰ ਭਾਈ ਜੇਠੇ (ਗੁਰੂ ਰਾਮ ਦਾਸ ਜੀ) ਦੀ ਗੁਰੂ ਦਰਬਾਰ ਲਈ ਕੀਤੀ ਸੇਵਾ ਦੀ ਗੱਲ ਸੁਣਾਈ। ਗੁਰੂ ਘਰ ਦਾ ਜਵਾਈ ਹੁੰਦੇ ਹੋਏ ਉਹਨਾ ਕਦੀ ਇਹ ਨਾ ਸੋਚਿਆ ਕਿ ਸਿਰ ਤੇ ਚੁੱਕੀ ਟੋਕਰੀ ਗਾਰੇ ਨਾਲ ਭਰੀ ਹੋਈ ਹੈ। ਬਣਾਏ ਹੋਏ ਥੜੇ ਬਾਰ ਬਾਰ ਢਾਉਣ ਵੇਲੇ ਕਦੇ ਮੱਥੇ ਵੱਟ ਨਾ ਪਾਇਆ। ਫੇਰ ਹੁਣ ਜ਼ਾਹਰਾ ਗੁਰੂ ਅਰਜਨ ਸਾਹਿਬ ਦਾ ਇਕ ਵਾਕਿਆ ਸੁਣਾਇਆ। ਕਾਬਲ ਦੀ ਸੰਗਤ ਦਰਸ਼ਨਾਂ ਨੂੰ ਆਈ। ਸਮਾਂ ਰਾਤ ਦਾ ਸੀ। ਸੇਵਕ ਜਾ ਚੁੱਕੇ ਸਨ। ਗੁਰੂ ਜੀ ਨੇ ਭੇਸ ਬਦਲ ਕੇ ਆਪ ਪ੍ਰਸ਼ਾਦੇ ਪਕਾ ਕੇ ਸੰਗਤ ਨੂੰ ਛਕਾਏ। ਦਾਲਾ ਵਰਤਾਇਆ। ਜੂਠੇ ਬਰਤਨ ਵੀ ਸਾਫ਼ ਕੀਤੇ। ਭਾਈ ਬਹਿਲੋ ਅਤੇ ਭਾਈ ਸਾਲ੍ਹੋ ਜੀ ਨੂੰ ਪਤਾ ਲਗਿਆ ਤਾਂ ਉਹ ਦੌੜੇ ਆਏ। ਪਰ ਗੁਰੂ ਅਰਜਨ ਸਾਹਿਬ ਜੀ ਤਾਂ ਹੱਥੀਂ ਸੇਵਾ ਕਰਨ ਦੇ ਪੂਰਨੇ ਪਾ ਚੁੱਕੇ ਸਨ। ਉਸ ਦਿਨ ਕੀਰਤਨ ਵਿਚ ਵੀ ਸੇਵਾ ਦੇ ਪ੍ਰਕਰਣ ਵਾਲੇ ਸ਼ਬਦ ਪੜੇ ਗਏ:

"ਸਤਿਗੁਰ ਕੀ ਸੇਵਾ ਸਫ਼ਲ ਹੈ ਜੇ ਕੋ ਕਰੇ ਚਿਤੁ ਲਾਇ॥" (ਪਾਵਨ ਅੰਗ 552)

ਅਗਲਾ ਸ਼ਬਦ ਵੀ ਸੇਵਾ ਦੇ ਸਬੰਧ ਵਿਚ ਸੀ:

"ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥" (ਪਾਵਨ ਅੰਗ 314)

ਭਾਈ ਮੰਝ ਜੀ ਨੇ ਆਪਣਾ ਨਿੱਤ ਦਾ ਨੇਮ ਇਸ ਤਰ੍ਹਾਂ ਬਣਾਇਆ ਕਿ ਆਰਾਮ ਥੋੜਾ ਹੀ ਕਰਦੇ। ਅੰਮ੍ਰਿਤ ਵੇਲੇ ਉਠਦੇ। ਇਸ਼ਨਾਨ ਕਰਦੇ। ਫਿਰ ਸਤਿਸੰਗ, ਹਰੀ ਕੀਰਤਨ ਦਾ ਆਨੰਦ ਲੈਂਦੇ। ਕੁਝ ਸਮਾਂ ਗੁਰਬਾਣੀ ਯਾਦ ਕਰਦੇ। ਫਿਰ ਗੁਰੂ ਜੀ ਦੇ ਘੋੜਿਆਂ ਲਈ ਘਾਹ ਖੋਤਣ ਚਲੇ ਜਾਂਦੇ। ਘਾਹ ਦੀ ਸੇਵਾ ਤੋਂ ਬਾਅਦ ਲੰਗਰ ਵਿਚੋਂ ਪ੍ਰਸ਼ਾਦਾ ਛੱਕ ਕੇ ਲੰਗਰ ਵਾਸਤੇ ਜੰਗਲ ਵਿਚੋਂ ਲੱਕੜਾਂ ਕੱਟਣ ਚਲੇ ਜਾਂਦੇ। ਵਾਪਸ ਆ ਕੇ ਕੁਝ

ਸਮਾਂ ਸਰੋਵਰ ਦੀ ਸਫ਼ਾਈ ਦੀ ਸੇਵਾ ਕਰਦੇ। ਕਈ ਵਾਰੀ ਉਥੇ ਬੈਠੇ ਗੁਰਸਿੱਖਾਂ ਪਾਸੋਂ ਗੁਰੂ ਕੀਆਂ ਸਾਖੀਆਂ ਸਰਵਣ ਕਰਦੇ। ਸ਼ਾਮ ਨੂੰ ਫਿਰ 'ਸੋਦਰੁ' ਦੇ ਦੀਵਾਨ ਵਿਚ ਜੁੜਦੇ। ਫਿਰ ਲੰਗਰ ਦੇ ਜੂਠੇ ਬਰਤਨ ਮਾਂਜਣ ਦੀ ਸੇਵਾ ਕਰਦੇ।

ਇਸ ਤਰ੍ਹਾਂ ਛੇ ਮਹੀਨੇ ਬਤੀਤ ਹੋਏ। ਗੁਰੂ ਸਾਹਿਬ 'ਬਣ ਰਹੇ ਬੋਹਿਥ' (ਜਹਾਜ਼) ਉਪਰ ਹਰ ਪਲ ਨਜ਼ਰ ਰੱਖਦੇ। ਇਕ ਦਿਨ ਉਹਨਾਂ ਨੇ ਇਸ 'ਬੋਹਿਥ' ਦੇ ਇਕ 'ਫੱਟੇ' ਨੂੰ 'ਪੱਕਾ' ਕਰਨ ਲਈ 'ਮੇਖ' ਲਾਉਣੀ ਕੀਤੀ। ਕੋਲ ਜਾ ਕੇ ਕਿਹਾ,"ਭਾਈ ਮੰਝ ਜੀ, ਕੀ ਮਿਲਿਆ ਤੁਹਾਨੂੰ ਸਾਡੀ ਸਿੱਖੀ ਵਿਚੋਂ? ਪਹਿਲਾਂ ਚੌਧਰਪੁਣਾ ਗਿਆ। ਪਿੰਡ ਵਿਚੋਂ ਵਡਿਆਈ ਖਤਮ ਹੋਈ। ਫਿਰ ਮਾਲ ਡੰਗਰ ਗਿਆ। ਕਾਰੋਬਾਰ ਖਤਮ। ਪਤਨੀ ਨੂੰ ਗਹਿਣੇ ਰੱਖਿਆ। ਬੇਟੀ ਵੇਚਣੀ ਪਈ। ਇਥੇ ਆ ਕੇ ਵੀ ਸਖਤ ਘਾਲਣਾ। ਜਿਹਨੇ ਕਦੇ ਆਪਣੇ ਭਾਂਡੇ ਨਹੀਂ ਸੀ ਚੁੱਕੇ ਉਹ ਲੋਕਾਂ ਦੇ ਜੂਠੇ ਭਾਂਡੇ ਮਾਂਜਦਾ ਫਿਰ ਰਿਹੈ। ਕੀ ਮਿਲਿਆ ਤੁਹਾਨੂੰ ਸਾਡੀ ਸਿੱਖੀ ਵਿਚੋਂ? ਜਾਓ ਆਪਣੇ ਪਿੰਡ ਤੇ ਮੁੜ ਸੰਭਾਲੋ ਆਪਣੀ ਚੌਧਰ। ਸੱਭ ਕੁੱਝ ਮਿਲੇਗਾ ਪਹਿਲਾਂ ਦੀ ਤਰ੍ਹਾਂ। ਸਗੋਂ ਜ਼ਿਆਦਾ ਹੀ ਦਿਆਂਗੇ। "ਭਾਈ ਮੰਝ ਨੇ ਇਕ ਦਮ ਚਰਨ ਪਕੜ ਲਏ,'ਬੋਲੇ, ਸੱਚੇ ਪਾਤਸ਼ਾਹ, ਚਰਨਾਂ ਤੋਂ ਵਿਛੋੜਨ ਦੀ ਗੱਲ ਨਾ ਕਰਿਆ ਜੇ, ਹੋਰ ਜੋ ਮਰਜ਼ੀ ਹੁਕਮ ਦੇ ਦਿਓ'।

ਫਿਰ ਸਤਿਗੁਰ ਜੀ ਬੋਲੇ,"ਪ੍ਰਸ਼ਾਦਾ ਕਿਥੋਂ ਛਕਦੇ ਹੋ?"

'ਲੰਗਰ ਵਿਚੋਂ ਛੱਕ ਲੈਂਦਾ ਹਾਂ, ਸੱਚੇ ਪਾਤਸ਼ਾਹ' ਭਾਈ ਮੰਝ ਨੇ ਕਿਹਾ।

"ਅੱਛਾ, ਮਜ਼ਦੂਰੀ ਦਾ ਲੇਖਾ ਨਾਲੋ ਨਾਲ ਕਰੀ ਜਾ ਰਹੇ ਹੋ। ਚੌਧਰੀ ਰਹੇ ਹੋ ਨਾ" ਗੁਰੂ ਜੀ ਨੇ ਥੋੜਾ ਸਖ਼ਤ ਹੋ ਕੇ ਕਿਹਾ।

ਭਾਈ ਮੰਝ ਦੋਂਵੇ ਹੱਥ ਜੋੜ ਨਿਮਰਤਾ ਸਹਿਤ ਬੋਲੇ,'ਬਖ਼ਸ਼ ਲਓ ਸਤਿਗੁਰੂ ਜੀ, ਗਲਤੀ ਹੋ ਗਈ'।

ਹੁਣ ਭਾਈ ਮੰਝ ਕਿਰਤ ਦੀ ਮਹੱਤਤਾ ਨੂੰ ਸਮਝ ਚੁੱਕੇ ਸਨ। ਉਸ ਦਿਨ ਤੋਂ ਬਾਅਦ ਉਹਨਾਂ ਨੇ ਆਪਣੇ ਖਰਚੇ ਲਈ ਰਾਤ ਨੂੰ ਪੀਹਣਾ ਪੀਸਣ (ਆਟਾ ਪੀਸਣ) ਦੀ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਜੋ ਪੈਸਾ ਮਿਲਦਾ ਉਸਦਾ ਅੰਨ ਪਾਣੀ ਛਕਦੇ। ਇਹ ਵੀ ਇਤਿਹਾਸ ਵਿਚ ਲਿਖਿਆ ਹੈ ਕਿ ਉਸ ਦੇ ਵੀ ਚਾਰ ਹਿੱਸੇ ਕਰਦੇ। ਇਕ ਹਿੱਸਾ ਦਸਵੰਧ ਕੱਢਦੇ। ਇਕ ਹਿੱਸਾ ਗੁਰੂ ਕੀ ਗੋਲਕ ਵਿਚ ਪਾਉਂਦੇ। ਇਕ ਹਿੱਸਾ ਗਰੀਬਾਂ ਵਿਚ ਵੰਡ ਦਿੰਦੇ। ਇਕ ਹਿੱਸਾ ਆਪਣੇ ਭੋਜਨ ਲਈ ਵਰਤਦੇ। ਪਰ ਜਦੋਂ ਕਦੇ ਸੇਵਾ ਵਿਚ ਜ਼ਿਆਦਾ ਸਮਾਂ ਲੱਗਣ ਕਰਕੇ ਮਜ਼ਦੂਰੀ ਨਾ ਕਰ ਸਕਦੇ ਤਾਂ ਪਤੀਲਿਆਂ ਕੜਛਿਆਂ ਦਾ ਧੋਣ ਪੀ ਕੇ ਆਪਣਾ ਗੁਜ਼ਾਰਾ ਕਰ ਲੈਂਦੇ। ਲੰਗਰ ਵਿਚੋਂ ਪ੍ਰਸ਼ਾਦਾ ਨਾ ਛਕਦੇ।

ਇਸ ਤਰ੍ਹਾਂ ਸਮਾਂ ਲੰਘਦਾ ਗਿਆ। ਪ੍ਰੀਤ ਪੱਕੀ ਹੁੰਦੀ ਗਈ। 'ਗੁਰੂ ਕਾ ਬੋਹਿਥ' ਤਿਆਰ ਹੁੰਦਾ ਗਿਆ। ਪਰ ਕਦੇ ਕਦੇ ਆਪਣੀ ਬੇਟੀ ਦੀ ਸੋਚ ਦਿਮਾਗ ਵਿਚ ਆ ਜਾਂਦੀ। ਫਿਰ ਗੁਰੂ ਸਾਹਿਬ ਅੱਗੇ ਉਸਦੀ ਰੱਖਿਆ ਲਈ ਅਰਦਾਸ ਕਰਦੇ। ਇਹ ਬੇਨਤੀ ਬਹੁਤ ਛੇਤੀ ਮਨਜ਼ੂਰ ਹੋ ਗਈ। ਇਕ ਦਿਨ ਪਿੰਡ ਤੋਂ ਉਹੀ ਭਲਾਮਾਣਸ ਜੁਆਨ ਉਹਨਾਂ ਦੀ ਬੇਟੀ ਨੂੰ 'ਗੁਰੂ ਕੇ ਚੱਕ' ਲਿਆਇਆ। ਭਾਈ ਮੰਝ ਨਾਲ ਇਕ ਲੜਕੇ ਨੂੰ ਮਿਲਾ ਕੇ ਕਹਿਣ ਲੱਗਾ,'ਚਾਚਾ, ਇਹ ਤੇਰਾ ਜੁਆਈ ਹੈ। ਮੈਂ ਆਪਣੀ ਭੈਣ ਨੂੰ ਇਸਦੇ ਨਾਲ ਵਿਆਹ ਦਿੱਤਾ ਹੈ'। ਭਾਈ ਮੰਝ ਦੀਆਂ ਅੱਖਾਂ ਵਿਚ ਸ਼ੁਕਰਾਨੇ ਦੇ ਅੱਥਰੂ ਸਨ। ਕਿੰਨਾ ਹੀ ਚਿਰ ਗੁਰੂ ਸਾਹਿਬ ਜੀ ਦੇ ਧੰਨਵਾਦ ਵਿਚ ਉਸਦੇ ਮੂੰਹੋਂ ਕੁਝ ਨਿਕਲਿਆ ਹੀ ਨਾ।

ਹੁਣ ਭਾਈ ਮੰਝ ਜੀ ਨੂੰ ਕਿਸੇ ਗੱਲ ਦਾ ਫ਼ਿਕਰ ਨਹੀਂ ਸੀ। ਸੇਵਾ ਵਧੇਰੇ ਲਗਨ ਨਾਲ ਹੋਣ ਲੱਗੀ। ਇਕ ਦਿਨ ਲੰਗਰ ਲਈ ਲੱਕੜਾਂ ਲਿਆ ਰਹੇ ਸਨ ਕਿ ਬੜੇ ਜ਼ੋਰ ਦੀ ਹਨ੍ਹੇਰੀ ਆਈ। ਹਵਾ ਇਤਨੀ ਤੇਜ਼ ਸੀ ਕਿ

ਲੱਕੜਾਂ ਦੀ ਪੰਡ ਨਾਲ ਭਾਈ ਮੰਝ ਦਾ ਸਰੀਰ ਵੀ ਡੱਕੋ ਡੋਲੇ ਖਾ ਰਿਹਾ ਸੀ। ਅੱਖਾਂ ਜ਼ਿਆਦਾ ਦੇਰ ਖੋਲਦੇ ਤਾਂ ਮਿੱਟੀ ਨਾਲ ਭਰ ਜਾਂਦੀਆਂ। ਰਸਤਾ ਵੇਖਣ ਲਈ ਪਲ ਦੋ ਪਲ ਅੱਖਾਂ ਖੋਲਦੇ, ਫਿਰ ਬੰਦ ਕਰ ਲੈਂਦੇ। ਰਸਤੇ ਵਿਚ ਇਕ ਰੋੜਾ ਖੂਹ (ਜਿਸ ਤੇ ਇੱਟਾਂ ਦਾ ਵਾਗਲਾ ਨਹੀਂ ਕੀਤਾ ਹੋਇਆ ਸੀ) ਪੈਂਦਾ ਸੀ। ਭਾਈ ਮੰਝ ਉਸ ਵਿਚ ਡਿਗ ਪਏ। ਖੂਹ ਵਿਚ ਪਾਣੀ ਘੱਟ ਸੀ। ਡਿਗੇ ਸਿੱਧੇ। ਲੱਕੜਾਂ ਦੀ ਪੰਡ ਨੂੰ ਪੱਕਾ ਕਰਕੇ ਫੜ ਲਿਆ। ਉਹਨਾਂ ਦੀ ਇਸ ਕੋਸ਼ਿਸ਼ ਨਾਲ ਪੰਡ ਸਿਰ ਉਪਰ ਹੀ ਟਿਕੀ ਰਹਿ ਗਈ।

ਭਾਈ ਮੰਝ ਨੇ ਗੁਰੂ ਸਾਹਿਬ ਜੀ ਦਾ ਲੱਖ ਲੱਖ ਸ਼ੁਕਰਾਨਾ ਕੀਤਾ ਕਿ ਡਿਗਿਆ ਤਾਂ ਹਾਂ, ਸੇਵਾ ਵਿਚ ਹੋਈ ਕਿਸੇ ਗਲਤੀ ਕਰਕੇ। ਪਰ ਸ਼ੁਕਰ ਹੈ ਗੁਰੂ ਸਾਹਿਬ ਜੀ ਨੇ ਆਪਣੇ ਲੰਗਰ ਲਈ ਲੱਕੜਾਂ ਸੁੱਕੀਆਂ ਰੱਖਣ ਲਈ ਸਿਰ ਉਪਰ ਹੀ ਟਿਕਾਈ ਰੱਖੀਆਂ। ਏਧਰ ਭਾਈ ਮੰਝ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਤੇ ਓਧਰ ਗੁਰੂ ਸਾਹਿਬ ਆਪਣੇ ਸਿੰਘਾਸਨ ਤੋਂ ਉੱਠ ਖਲੋਤੇ। ਨੰਗੇ ਪੈਰੀਂ ਜੰਗਲ ਵੱਲ ਨੂੰ ਦੌੜਨ ਲੱਗੇ। ਸੇਵਕਾਂ ਨੂੰ ਕਹਿਣ– ਰੱਸੇ ਲਿਆਓ। ਇਕ ਸਿੱਖ ਜੋੜੇ ਲੈ ਕੇ ਦੌੜਿਆ। ਪਰ ਅੱਜ ਗੁਰੂ ਜੀ ਕੋਲ ਜੁੱਤੀ ਪਾਉਣ ਦਾ ਸਮਾਂ ਨਹੀ ਸੀ। ਕੁਝ ਹੀ ਮਿੰਟਾਂ ਵਿਚ ਗੁਰੂ ਸਾਹਿਬ ਜੀ ਖੂਹ ਕੋਲ ਪੁੱਜ ਗਏ। ਰੱਸਾ ਖੂਹ ਵਿਚ ਲਟਕਾਉਣ ਦਾ ਹੁਕਮ ਹੋਇਆ। ਸੇਵਕ ਜਾਣ ਚੁੱਕੇ ਸਨ ਕਿ ਭਾਈ ਮੰਝ ਜੀ ਖੂਹ ਵਿਚ ਡਿਗੇ ਹੋਏ ਹਨ। ਉਹਨਾਂ ਨੇ ਭਾਈ ਮੰਝ ਨੂੰ ਰੱਸਾ ਫੜ ਕੇ ਉਪਰ ਆ ਜਾਣ ਲਈ ਬੇਨਤੀ ਕੀਤੀ। ਪਰ ਭਾਈ ਮੰਝ ਨੇ ਲੱਕੜਾਂ ਦੀ ਪੰਡ ਨੂੰ ਰੱਸਾ ਬੰਨਦੇ ਹੋਏ ਕਿਹਾ, 'ਲੱਕੜਾਂ ਸੁੱਕੀਆਂ ਹਨ, ਪਹਿਲਾਂ ਗੁਰੂ ਕੇ ਲੰਗਰ ਦੀਆਂ ਲੱਕੜਾਂ ਨੂੰ ਬਾਹਰ ਕੱਢੋ'। ਲੱਕੜਾਂ ਨੂੰ ਬਾਹਰ ਕੱਢਿਆ ਗਿਆ। ਰੱਸਾ ਦੂਜੀ ਵਾਰ ਸੁੱਟਿਆ ਗਿਆ। ਭਾਈ ਮੰਝ ਜੀ ਬਾਹਰ ਆਏ। ਗੁਰੂ ਸਾਹਿਬ ਜੀ ਨੂੰ ਨੰਗੇ ਪੈਰੀਂ ਵੇਖ ਕੇ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਚਰਨਾਂ ਤੇ ਢਹਿ ਪਏ। ਬੋਲੇ, 'ਅੱਜ ਆਪ ਨੇ ਮੇਰੀ ਪੈਜ ਰੱਖ ਲਈ, ਮੈਂ ਤਾਂ ਲੰਗਰ ਦੀਆਂ ਲੱਕੜਾਂ ਗਿੱਲੀਆਂ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ'।




'ਜੱਗ ਨੂੰ ਪਾਰ ਲਾਉਣ ਹਾਰਾ' 'ਗੁਰੂ ਕਾ ਬੋਹਿਥ' ਤਿਆਰ ਸੀ। ਕੇਵਲ 'ਰੰਗ ਰੋਗਨ' ਕਰਨਾ ਬਾਕੀ ਸੀ। ਗੁਰੂ ਅਰਜਨ ਸਾਹਿਬ ਜੀ ਨੇ ਭਾਈ ਮੰਝ ਨੂੰ ਆਪਣੀਆਂ ਪਵਿੱਤਰ ਬਾਹਾਂ ਨਾਲ ਉਠਾ ਕੇ ਖੜਾ ਕੀਤਾ। ਆਪਣੀ ਛਾਤੀ ਨਾਲ ਲਗਾਇਆ। ਉਹਨਾਂ ਦੇ ਗਿੱਲੇ ਲਿੱਬੜੇ ਕਪੜਿਆਂ ਦੀ ਪ੍ਰਵਾਹ ਨਾ ਕੀਤੀ। ਗੱਲਵਕੜੀ ਵਿਚ ਲਿਆ। ਫਿਰ ਮੋਢਿਆਂ ਤੋਂ ਫੜ ਕੇ ਥੋੜਾ ਪਿੱਛੇ ਕੀਤਾ। ਮੇਹਰ ਦੀ ਨਜ਼ਰ, ਹੇਠਾਂ ਪੈਰਾਂ ਤੋਂ ਲੈਕੇ ਸਿਰ ਤੱਕ ਪਾਈ। ਸੋਹਣੇ ਮੁੱਖੜੇ ਵਿਚੋਂ ਉਚਾਰਿਆ:

"ਭਾਈ ਮੰਝ ਜੀ, ਤੁਹਾਡੀ ਘਾਲ ਥਾਂਇ ਪਈ, ਮੰਗੋ ਕੀ ਮੰਗਦੇ ਹੋ?" 'ਬੋਹਿਥ' ਉਪਰ ਰੰਗ ਰੋਗਨ ਹੋਣਾ ਸ਼ੁਰੂ ਹੋ ਚੁਕਿਆ ਸੀ।

ਭਾਈ ਮੰਝ ਬੋਲੇ,"ਆਪ ਨੇ ਜੋ ਕੁਝ ਦੇਣਾ ਹੈ, ਦੇ ਰਹੇ ਹੋ। ਇਹ ਦਾਨ ਦਿਓ ਕਿ ਮੰਗਣ ਦੀ ਬਿਰਤੀ ਹੀ ਨਾ ਰਹੇ"।

"ਇਸ ਤੋਂ ਇਲਾਵਾ ਕੁਝ ਹੋਰ ਮੰਗੋ" ਗੁਰੂ ਸਾਹਿਬ ਜੀ ਨੇ ਵਿਸਮਾਦ ਅਵਸਥਾ ਵਿਚ ਫ਼ੁਰਮਾਇਆ।

ਭਾਈ ਮੰਝ ਹੱਥ ਜੋੜ ਕੇ ਬੋਲੇ,"ਸੱਚੇ ਪਾਤਸ਼ਾਹ, ਕੱਲਜੁਗ ਦਾ ਸਮਾਂ ਹੈ। ਸਿੱਖਾਂ ਲਈ ਇਤਨੇ ਔਖੇ ਪਰਚੇ ਨਾ ਪਾਇਆ ਕਰੋ। ਕਿਤੇ ਉਹ ਡੋਲ ਨਾ ਜਾਣ"।

ਗੁਰੂ ਸਾਹਿਬ ਜੀ ਪੂਰਨ ਦਿਆਲਤਾ ਦੀ ਅਵਸਥਾ ਵਿਚ ਸਨ, ਬੋਲੇ,"ਇਹ ਵੀ ਮਿਲੇਗਾ, ਕੁਝ ਹੋਰ ਮੰਗੋ"

ਭਾਈ ਮੰਝ ਬੋਲੇ,"ਸਤਿਗੁਰੂ ਜੀ ਅੱਜ ਤੁੱਠੇ ਹੋ, ਮੇਰੀ ਝੋਲੀ ਪਾਓ, ਵਾਹਿਗੁਰੂ ਦਾ ਸਿਮਰਨ ਕਦੀ ਛੁੱਟੇ ਨਾ। ਆਪ ਜੀ ਦੇ ਚਰਨਾਂ ਤੋਂ ਧਿਆਨ ਕਦੀ ਟੁੱਟੇ ਨਾ। ਸੰਗਤ ਦੀ ਸੇਵਾ ਕਦੀ ਹੁੱਟੇ ਨਾ"

ਧੰਨ ਗੁਰੂ ਅਰਜਨ ਸਾਹਿਬ ਜੀ ਨੇ ਪੂਰੇ ਵਜਦ ਵਿਚ ਆ ਕੇ ਉਚਾਰਿਆ:

"ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ।

ਮੰਝ ਗੁਰੂ ਕਾ ਬੋਹਿਥਾ, ਜੱਗ ਲੰਘਣਹਾਰਾ। "

********************

# ਭਾਈ ਤਿਲੋਕਾ ਜੀ

ਭਾਈ ਤਿਲੋਕਾ ਜੀ ਦੁਆਬੇ ਵਿਚ ਗੜ੍ਹਸ਼ੰਕਰ ਦੇ ਨਿਵਾਸੀ ਸਨ। ਭਾਈ ਕਾਹਨ ਸਿੰਘ ਜੀ ਨਾਭਾ ਨੇ ਆਪਣੇ ਗ੍ਰੰਥ 'ਮਹਾਨ ਕੋਸ਼' ਵਿਚ ਇਹਨਾਂ ਨੂੰ ਭਾਈ ਤਿਲਕ ਜੀ ਲਿਖਿਆ ਹੈ। ਗੁਰੂ ਅਰਜਨ ਦੇਵ ਜੀ ਦੇ ਇਹ ਪੂਰਨ ਭਰੋਸੇ ਅਤੇ ਕਮਾਈ ਵਾਲੇ ਸਿੱਖ ਸਨ। ਸਿੱਖੀ ਮਾਰਗ ਵਿਚ ਪ੍ਰਵੇਸ਼ ਤੋਂ ਪਹਿਲਾਂ ਇਹ ਨਿਗਾਹੇ ਵਾਲੇ ਪੀਰ ਸਖੀ ਸਰਵਰ ਦੇ ਪੱਕੇ ਭਗਤ ਸਨ। ਹਰ ਸਾਲ ਪੀਰ ਦੀ ਸਲਾਨਾ ਯਾਦ ਮਨਾਉਣ ਲਈ ਇਹ ਇਕ ਵੱਡੀ ਮੰਡਲੀ ਨੂੰ ਲੈਕੇ ਨਿਗਾਹੇ ਪੀਰ ਦੇ ਦਰਸ਼ਨ ਕਰਨ ਲਈ ਜਾਇਆ ਕਰਦੇ ਸਨ। ਇਹਨਾਂ ਵਲੋਂ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਸਿੱਖੀ ਮਾਰਗ ਧਾਰਨ ਕਰਨ ਜਾਂ ਇਹ ਕਹਿ ਲਓ ਕਿ ਸਿੱਖੀ ਮਾਰਗ ਵਿਚ ਪ੍ਰਵੇਸ਼ ਕਰਨ ਦੀ ਘਟਨਾ ਬਹੁਤ ਰੋਮਾਂਚਿਕ ਹੈ। ਪੂਰਨ ਸ਼ਰਧਾਵਾਨ ਸਿੱਖ ਇਸ ਘਟਨਾ ਨੂੰ ਪ੍ਰਮਾਤਮਾ ਦੀ ਮੌਜ ਵੀ ਕਹਿ ਸਕਦੇ ਹਨ।

ਇਕ ਵਾਰ ਭਾਈ ਤਿਲੋਕਾ ਜੀ ਹਰ ਸਾਲ ਦੀ ਤਰ੍ਹਾਂ ਸਖੀ ਸਰਵਰ ਦੀ ਸਲਾਨਾ ਯਾਦ ਮਨਾਉਣ ਲਈ ਇਲਾਕੇ ਦੇ ਬਹੁਤ ਸਾਰੇ ਲੋਕਾਂ ਨੂੰ ਲੈ ਕੇ 'ਨਿਗਾਹੇ' ਵੱਲ ਨੂੰ ਰਵਾਨਾ ਹੋਏ। ਇਹ ਪਿੰਡ ਡੇਰਾ ਗਾਜ਼ੀਖਾਨ (ਹੁਣ ਪਾਕਿਸਤਾਨ ਵਿਚ) ਦੇ ਵੀਹ ਕੁ ਮੀਲ ਅੱਗੇ ਨੂੰ ਪੈਂਦਾ ਹੈ। ਦੁਆਬੇ ਤੋਂ 'ਨਿਗਾਹੇ' ਨੂੰ ਜਾਂਦਿਆਂ ਇਹਨਾਂ ਮੰਡਲੀਆਂ ਨੂੰ ਰਸਤੇ ਵਿਚ 'ਗੁਰੂ ਕੇ ਚੱਕ' (ਹੁਣ ਅੰਮ੍ਰਿਤਸਰ) ਕੋਲ ਪੜਾਅ ਕਰਨਾ ਪੈਂਦਾ ਸੀ। ਭਾਈ ਤਿਲੋਕੇ ਦੀ ਮੰਡਲੀ ਵੀ ਢੋਲ ਉਪਰ ਡੱਗੇ ਲਾਉਂਦੀ ਪੀਰ ਦੀ ਉਸਤਤੀ ਦੇ ਗੀਤ ਗਾਉਂਦੀ ਜਾ ਰਹੀ ਸੀ। ਇਹਨਾਂ ਨੇ ਵੀ 'ਗੁਰੂ ਕੇ ਚੱਕ' ਦੇ ਨੇੜੇ ਪੜਾਅ ਕੀਤਾ। ਦਾਲ ਰੋਟੀ ਲਈ ਚੁਲ੍ਹੇ ਬਣਾਏ ਜਾ ਰਹੇ ਸਨ। ਕਰਨੀ ਰੱਬ ਦੀ, ਮੀਂਹ ਬਹੁਤ ਜ਼ੋਰ ਦਾ ਆਇਆ। ਰੁਕਣ ਦਾ ਨਾਮ ਹੀ ਨਾ ਲਏ। ਭਾਈ ਤਿਲੋਕਾ ਜੀ ਨੇ ਕਿਹਾ, "ਹੁਣ ਇਸ ਤਰ੍ਹਾਂ ਕਰੋ, ਸਾਰੇ 'ਗੁਰੂ ਕੇ ਚੱਕ' ਚਲੋ। ਗੁਰੂ ਦੇ ਲੰਗਰ ਵਿਚ ਰੋਟੀ ਖਾਕੇ ਉਥੇ ਹੀ ਅਰਾਮ ਕਰ ਲਵਾਂਗੇ। ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਹੀ ਚੱਲ ਪਵਾਂਗੇ। ਜਦੋਂ ਇਹ ਮੰਡਲੀ 'ਗੁਰੂ ਕੇ ਚੱਕ' ਪਹੁੰਚੀ ਤਾਂ ਰਾਤ ਹੋ ਰਹੀ ਸੀ। ਦੀਵਾਨ ਸਜਿਆ ਹੋਇਆ ਸੀ। ਰਬਾਬੀ ਭਗਤ ਕਬੀਰ ਦਾ ਕੋਈ ਗੀਤ ਗਾ ਰਹੇ ਸਨ।



ਭਾਈ ਤਿਲੋਕਾ ਗੀਤ ਦੇ ਬੋਲ ਸੁਣ ਕੇ ਮੋਹਿਆ ਗਿਆ। ਉਸ ਨੂੰ ਬਾਅਦ ਵਿਚ ਪਤਾ ਲੱਗਿਆ ਕਿ ਗੁਰੂ ਕੇ ਸਿੱਖ ਗੁਰਬਾਣੀ ਨੂੰ ਗੀਤ ਨਹੀਂ ਕਹਿੰਦੇ। ਇਹ ਤਾਂ ਧੁਰ ਦਰਗਾਹ ਤੋਂ ਆਈ ਬਾਣੀ ਨੂੰ

'ਸ਼ਬਦ' ਕਹਿੰਦੇ ਹਨ। ਫੇਰ ਉਸੇ ਸ਼ਬਦ ਦੇ ਅਰਥ ਕਿਸੇ ਮੋਹਰੀ ਸਿੱਖ ਨੇ ਕੀਤੇ। ਉਹਨਾਂ ਦਾ ਨਾਮ 'ਭਾਈ ਗੁਰਦਾਸ' ਸੀ। ਅਗਲੇ ਦਿਨ ਤਿਲੋਕਾ ਜੀ ਮੰਡਲੀ ਦੇ ਨਾਲ ਗਏ ਤਾਂ ਜ਼ਰੂਰ, ਪਰ ਜਾਂਦੇ ਅਤੇ ਆਂਉਦੇ ਸਮੇਂ ਉਹਨਾਂ ਦਾ ਧਿਆਨ 'ਗੁਰੂ ਕੇ ਚੱਕ' ਹੀ ਰਿਹਾ। ਉਸਦਾ ਉਤਸ਼ਾਹ ਘਟਿਆ ਦੇਖ ਕੇ ਸਾਥੀਆਂ ਨੇ ਕਿਹਾ ਕਿ ਤਿਲੋਕਾ ਜੀ, ਕੀ ਗੱਲ ਇਸ ਵਾਰ ਪੀਰ ਦੀ ਪੂਜਾ ਵਿਚ ਪੂਰੀ ਤਰ੍ਹਾਂ ਹਿੱਸਾ ਨਹੀਂ ਲਿਆ? ਤਾਂ ਭਾਈ ਤਿਲੋਕਾ ਜੀ ਨੇ ਆਪਣੇ ਦਿਲ ਦੀ ਗੱਲ ਦੱਸੀ ਕਿ ਮੈਂ ਤਾਂ 'ਗੁਰੂ ਕੇ ਚੱਕ' ਵਾਲੇ ਨੂੰ ਆਪਣਾ ਗੁਰੂ ਮੰਨ ਲਿਆ ਹੈ। ਇਤਨੇ ਸਾਲਾਂ ਤੋਂ ਮਨ ਦੀ ਸ਼ਾਂਤੀ ਨਹੀਂ ਸੀ ਮਿਲੀ। ਇਹੀ ਪੀਰ ਜੀ ਤੋਂ ਲੈਣ ਜਾਂਦੇ ਸੀ। ਜੋ ਕੁੱਝ ਹੀ ਪਲਾਂ ਵਿਚ 'ਗੁਰੂ ਕੇ ਚੱਕ' ਤੋਂ ਮਿਲ ਗਈ।

ਭਾਈ ਤਿਲੋਕਾ ਜੀ ਨੇ ਵਾਪਸੀ ਤੇ ਦਰਿਆ ਪਾਰ ਕਰਨ ਵੇਲੇ ਸੱਭ ਦੇ ਸਾਹਮਣੇ ਪੀਰ ਦਾ ਝੰਡਾ ਉੱਚਾ ਕਰਕੇ ਬੜੀ ਜ਼ੋਰਦਾਰ ਆਵਾਜ਼ ਵਿਚ ਕਿਹਾ,"ਹੇ ਸਖੀ ਸਰਵਰ, ਮੇਰਾ ਮਨ ਹੁਣ ਤੇਰੀ ਸ਼ਰਧਾ ਤੋਂ ਡੋਲ ਗਿਆ ਹੈ, ਜੇ ਤੂੰ ਦਰਿਆ ਪਾਰ ਕਰਨ ਤੋਂ ਪਹਿਲਾਂ ਮੇਰੇ ਮਨ ਨੂੰ ਕਾਬੂ ਨਾ ਕੀਤਾ ਤਾਂ ਮੈਂ ਤੇਰਾ ਇਹ ਝੰਡਾ, ਢੋਲ ਅਤੇ ਡੱਗਾ ਦਰਿਆ ਦੇ ਵਿਚ ਸੁੱਟ ਦੇਣਾ ਹੈ। ਜੇ ਇਸ ਵਿਚ ਤੂੰ ਆਪਣੀ ਅਵੱਗਿਆ ਸਮਝੀ ਤਾਂ ਮੈਨੂੰ ਦਰਿਆ ਦੇ ਵਿਚ ਹੀ ਡੋਬ ਦੇਂਈ। ਜੇ ਨਾ ਡੋਬਿਆ ਤਾਂ ਸੱਭ ਤੋਂ ਪਹਿਲਾਂ ਘਰ ਜਾ ਕੇ ਮੈਂ ਤੇਰੀ ਕਬਰ ਢਾਹ ਦੇਣੀ ਹੈ"।

ਭਾਈ ਤਿਲੋਕਾ ਜੀ ਨੇ ਦਰਿਆ ਵਿਚ ਜਾ ਕੇ ਇਕ ਵਾਰੀ ਫਿਰ ਬੋਲਿਆ ਕਿ ਹੇ ਪੀਰ ਜੀਓ, ਤੁਸੀਂ ਮੇਰਾ 'ਗੁਰੂ ਕੇ ਚੱਕ' ਵੱਲ ਨੂੰ ਜਾਂਦਾ ਮਨ ਨਹੀਂ ਮੋੜਿਆ, ਆਹ ਸਾਂਭੋ ਆਪਣਾ ਝੰਡਾ, ਢੋਲ ਅਤੇ ਡੱਗਾ, ਜੇਕਰ ਮੈਨੂੰ ਡੋਬਣਾ ਹੈ ਤਾਂ ਡੋਬ ਦਿਓ। ਦਰਿਆ ਪਾਰ ਕਰਕੇ ਨਾਲ ਦੇ ਸਾਥੀਆਂ ਨੇ ਸਮਝਾਇਆ। ਪੀਰ ਦੀ ਸ਼ਕਤੀ ਦਾ ਡਰਾਵਾ ਵੀ ਦਿੱਤਾ ਪਰ ਭਾਈ ਤਿਲੋਕੇ ਤੇ ਕੋਈ ਅਸਰ ਨਾ ਹੋਇਆ। ਘਰ ਜਾਕੇ ਉਸਨੇ ਗੁਰੂ ਜੀ ਅੱਗੇ ਮਨ ਹੀ ਮਨ ਅਰਦਾਸ ਕੀਤੀ ਅਤੇ ਪੀਰ ਦੀ ਕਬਰ ਢਾਹ ਦਿੱਤੀ। ਫਿਰ 'ਗੁਰੂ ਕੇ ਚੱਕ' ਜਾ ਕੇ ਬੜੇ ਪ੍ਰੇਮ ਵਿਚ ਗੁਰੂ ਜੀ ਦੀ ਸੰਗਤ ਕੀਤੀ। ਸੇਵਾ ਅਤੇ ਸਿਮਰਨ ਵਿਚ ਮਸਤ ਰਹਿਣ ਲੱਗੇ। ਕੁਝ ਹੀ ਦਿਨਾਂ ਵਿਚ ਗੁਰੂ ਅਰਜਨ ਸਾਹਿਬ ਜੀ ਨੇ ਐਸੀ ਕਿਰਪਾ ਦੀ ਨਜ਼ਰ ਕੀਤੀ ਕਿ ਨਿਹਾਲ ਹੋ ਗਏ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਆਪਣੇ ਨਗਰ ਜਾਕੇ ਸਿੱਖੀ ਦਾ ਪ੍ਰਚਾਰ ਕਰਨ ਦਾ ਹੁਕਮ ਦਿੱਤਾ। ਹੁਣ ਇਕ ਦੋ ਮਹੀਨਿਆਂ ਪਿਛੋਂ ਜਦੋਂ ਵੀ ਉਹ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਜਾਂਦੇ। ਦੋ ਚਾਰ ਬੰਦਿਆਂ ਨੂੰ ਸੰਗਤ ਰੂਪ ਵਿਚ ਨਾਲ ਲੈ ਕੇ ਹੀ ਜਾਂਦੇ ਹਨ।

ਇਕ ਵਾਰੀ ਗੜ੍ਹਸ਼ੰਕਰ ਵਿਚ ਇਕ ਸਿੱਧ ਜੋਗੀ ਆਇਆ। ਉਸਦਾ ਨਾਮ ਮਹੇਸ਼ਾ ਸੀ। ਉਸਨੇ ਭਾਰੀ ਤਪੱਸਿਆ ਕਰਕੇ ਰਿੱਧੀਆਂ ਸਿੱਧੀਆਂ ਵੱਸ ਕੀਤੀਆਂ ਹੋਈਆਂ ਸੀ। ਆਪਣੀ ਉਮਰ ਵੀ 300 ਸਾਲ ਦੀ ਦੱਸਦਾ ਸੀ। ਹਵਾ ਵਿਚੋਂ ਭਬੂਤੀ ਫੜ ਕੇ ਦੇ ਦਿੰਦਾ। ਕਦੇ ਫ਼ਲ ਤੇ ਕਦੇ ਕੋਈ ਫੁੱਲ ਦਾ ਪ੍ਰਸ਼ਾਦ ਵੀ ਹਵਾ ਵਿਚੋਂ ਹੀ ਫੜ ਕੇ ਦੇ ਦਿੰਦਾਂ ਸੀ। ਇਸ ਤਰ੍ਹਾਂ ਕੁਝ ਲੋਕਾਂ ਨੂੰ ਆਪਣੇ ਭਰਮ ਜਾਲ ਵਿਚ ਫਸਾ ਲਿਆ। ਇਹਨਾਂ ਭਰਮਾਏ ਹੋਏ ਲੋਕਾਂ ਵਿਚੋਂ ਇਕ ਨੇ ਇਸ ਨੂੰ ਆਪਣੀ ਜ਼ਮੀਨ ਵਿਚ ਡੇਰਾ ਬਣਾਉਣ ਦੀ ਥਾਂ ਦੇ ਦਿੱਤੀ। ਕੁਝ ਰਿੱਧੀਆਂ ਸਿੱਧੀਆਂ ਵੱਸ ਵਿਚ ਹੋਣ ਕਾਰਨ ਇਸਨੇ ਇਲਾਕੇ ਵਿਚ ਆਪਣੀ ਦੁਕਾਨਦਾਰੀ ਚੰਗੀ ਚਲਾ ਲਈ। ਪਰ ਭਾਈ ਤਿਲੋਕਾ ਜੀ ਵਲੋਂ ਇਸ ਦੇ ਡੇਰੇ ਤੇ ਨਾ ਆਉਣਾ ਇਸ ਨੂੰ ਚੰਗਾ ਨਹੀਂ ਲਗਦਾ ਸੀ। ਅੰਦਰੋਂ ਇਸ ਨੂੰ ਡਰ ਵੀ ਸੀ ਕਿ ਕਿਤੇ ਉਸ ਦੇ ਮੰਨਣ ਵਾਲੇ ਭਾਈ ਤਿਲੋਕਾ ਜੀ ਦੀਆਂ ਗੱਲਾਂ ਦੇ ਪ੍ਰਭਾਵ ਵਿਚ ਆ ਕੇ ਉਸ ਦੇ ਡੇਰੇ ਤੇ ਆਉਣਾ ਨਾ ਛੱਡ ਦੇਣ।

ਆਪਣੇ ਇਸੇ ਡਰ ਕਾਰਨ ਉਸਨੇ ਇਹ ਐਲਾਨ ਕਰਵਾ ਦਿੱਤਾ ਕਿ ਸ਼ਨੀਵਾਰ ਨੂੰ ਜੋ ਵੀ ਉਸਦੇ ਦਰਸ਼ਨ ਕਰੇਗਾ ਉਸ ਨੂੰ ਇਕ ਸਾਲ ਲਈ ਸਵਰਗ ਮਿਲੇਗਾ। ਨੀਯਤ ਦਿਨ ਤੇ ਸੱਭ ਲੋਕ ਇਕੱਠੇ ਹੋ ਗਏ। ਚੇਲਿਆਂ ਨੇ ਤੰਬੂ ਵਿਚ ਜਾ ਕੇ ਖਬਰ ਦਿਤੀ ਕਿ ਸਾਰੇ ਲੋਕ ਆ ਗਏ ਹਨ, ਹੁਣ ਦਰਸ਼ਨ ਦਿਓ। ਪਰ ਕਿਸੇ ਨੇ ਉਸਨੂੰ ਦੱਸਿਆ ਕਿ ਭਾਈ ਤਿਲੋਕਾ ਨਹੀਂ ਆਇਆ। ਜੋਗੀ ਨੇ ਇਕ ਸੱਜਣ ਨੂੰ ਭਾਈ ਤਿਲੋਕੇ ਨੂੰ ਲੈਣ ਭੇਜਿਆ। ਭਾਈ ਤਿਲੋਕੇ ਨੇ ਆਉਣ ਤੋਂ ਨਾਂਹ ਕਰ ਦਿਤੀ ਅਤੇ ਕਿਹਾ ਕਿ ਮੈਨੂੰ ਤਾਂ ਮੇਰੇ ਗੁਰੂ ਜੀ ਨੇ ਜਿਉਂਦੇ ਜੀ ਸਵਰਗ ਬਖਸ਼ਿਆ ਹੋਇਆ ਹੈ। ਜੋਗੀ ਦਾ ਸਵਰਗ ਤਾਂ ਮਰ ਕੇ ਮਿਲੇਗਾ। ਜੋਗੀ ਨੇ ਉਸਨੂੰ ਦੁਬਾਰਾ ਭਾਈ ਤਿਲੋਕੇ ਕੋਲ ਭੇਜਿਆ ਅਤੇ ਕਿਹਾ ਕਿ ਉਸ ਨੂੰ ਕਹੋ ਕਿ ਜੋਗੀ ਜੀ ਤੈਨੂੰ ਪੰਜ ਸਾਲ ਲਈ ਸਵਰਗ ਦੇਣਗੇ। ਭਾਈ ਤਿਲੋਕਾ ਫਿਰ ਵੀ ਨਾ ਆਇਆ। ਜੋਗੀ ਨੇ ਆਪਣੀ ਹੇਠੀ ਮਹਿਸੂਸ ਕੀਤੀ ਪਰ ਝੱਟ ਹੀ ਆਪਣਾ ਪੈਂਤੜਾ ਬਦਲ ਲਿਆ ਅਤੇ ਕਿਹਾ ਕਿ ਚਲੋ, ਜੇ ਉਹ ਨਾ ਆਉਣ ਦਾ ਹੱਠ ਕਰੀ ਬੈਠਾ ਹੈ ਤਾਂ ਅਸੀਂ ਉਸਦੇ ਘਰ ਜਾ ਕੇ ਦਰਸ਼ਨ ਦੇ ਦਿੰਦੇ ਹਾਂ। ਹੱਠ ਭੀ ਤਾਂ ਜੋਗ ਦਾ ਹੀ ਰੂਪ ਹੈ। ਜੋਗੀ ਆਪਣੇ ਚੇਲਿਆਂ ਦੇ ਨਾਲ ਭਾਈ ਤਿਲੋਕੇ ਦੇ ਘਰ ਵੱਲ ਚੱਲ ਪਿਆ। ਤਮਾਸ਼ਾ ਦੇਖਣ ਨੂੰ ਕਈ ਲੋਕ ਵੀ ਨਾਲ ਹੋ ਤੁਰੇ। ਭਾਈ ਤਿਲੋਕੇ ਨੇ ਦਰਵਾਜ਼ਾ ਬੰਦ ਕੀਤਾ ਹੋਇਆ ਸੀ। ਜੋਗੀ ਉਸਦੇ ਘਰ ਦੀ ਗਰੀਬੀ ਵਾਲੀ ਹਾਲਤ ਦੇਖ ਕੇ ਹੈਰਾਨ ਹੋ ਗਿਆ ਕਿ ਐਸੀ ਹਾਲਤ ਵਿਚ ਵੀ ਉਹ ਸਵਰਗ ਦੇ ਸੁੱਖਾਂ ਦੇ ਲਾਲਚ ਵਿਚ ਨਹੀਂ ਆਇਆ। ਇਹ ਕੈਸਾ ਭਰੋਸਾ ਹੈ? ਪਰ ਉਸ ਨੇ ਆਪਣੇ ਆਪ ਤੇ ਕੰਟਰੋਲ ਹੀ ਰਖਿਆ। ਜੋਗੀ ਬਾਹਰੋਂ ਬੋਲਿਆ,'ਭਾਈ ਤਿਲੋਕਾ ਜੀ, ਦਰਵਾਜ਼ਾ ਖੋਲੋ, ਮੈਂ ਤੁਹਾਡੇ ਹੱਠ ਤੋਂ ਕੁਰਬਾਨ ਹਾਂ। ਤੁਹਾਡੇ ਹੱਠ ਜੋਗ ਨੂੰ ਦੇਖਕੇ ਤੁਹਾਨੂੰ ਦਰਸ਼ਨ ਦੇਣ ਆਇਆ ਹਾਂ। ਕੀ ਤੁਹਾਨੂੰ ਸਵਰਗ ਦੀ ਲੋੜ ਨਹੀਂ? ਸਵਰਗ ਦੇ ਸੁੱਖਾਂ ਦੀ ਲੋੜ ਨਹੀਂ?

ਭਾਈ ਤਿਲੋਕੇ ਨੇ ਕਿਹਾ,"ਮੈਂਨੂੰ ਸੁੱਖਾਂ ਦੀ ਲੋੜ ਨਹੀਂ ਹੈ। ਜੋ ਸੁੱਖ ਮੈਂਨੂੰ ਗੁਰੂ ਸਾਹਿਬ ਜੀ ਨੇ ਬਖਸ਼ਿਆ ਹੈ। ਉਸ ਤੋਂ ਉਪਰ ਕੁਝ ਵੀ ਨਹੀਂ"।

ਜੋਗੀ ਬਾਹਰੋਂ ਹੀ ਬੋਲਿਆ,"ਮੈਂ ਤਾਂ ਤੁਹਾਡੇ ਕੱਚੇ ਮਕਾਨ ਨੂੰ ਦੇਖ ਰਿਹਾ ਹਾਂ। ਨਾ ਕੋਈ ਰੱਥ ਨਾ ਘੋੜੇ। ਨਾ ਬਾਗ ਨਾ ਬੂਟੇ। ਇਹ ਕੇਹਾ ਸੁੱਖ ਹੈ ਜੋ ਤੇਰੇ ਗੁਰੂ ਨੇ ਤੈਨੂੰ ਦਿੱਤਾ ਹੈ?"

ਭਾਈ ਤਿਲੋਕੇ ਨੇ ਕਿਹਾ,"ਵਾਹ ਜੋਗੀ ਜੀ, ਤੁਹਾਡੀ ਸਿਆਣਪ ਨੂੰ ਦੂਰੋਂ ਹੀ ਨਮਸਕਾਰ। ਤੁਸੀਂ ਸਾਧੂ ਹੋ ਕੇ ਵੀ ਪ੍ਰਮਾਤਮਾ ਨਾਲੋਂ ਪਦਾਰਥਾਂ ਨੂੰ ਵੱਡਾ ਸਮਝਦੇ ਹੋ। ਤੁਸੀਂ ਤਾਂ ਵੱਡੇ ਭੁਲੇਖੇ ਵਿਚ ਹੋ। ਮੇਰੇ ਗੁਰੂ ਜੀ ਤਾਂ ਕਹਿੰਦੇ ਹਨ:

"ਸੰਗ ਨਾ ਚਾਲਸ ਤੇਰੇ ਧਨਾ॥ ਤੂੰ ਕਿਆ ਲਪਟਾਵਿਹ ਮੂਰਖ ਮਨਾ॥ "(ਪਾਵਨ ਅੰਗ 288)

ਗੁਰੂ ਅਰਜਨ ਸਾਹਿਬ ਜੀ ਤਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਇਸ ਪਦੇ ਵਿਚ ਫ਼ੁਰਮਾਉਂਦੇ ਹਨ ਕਿ ਰਾਜ-ਰੰਗ, ਹਾਥੀ-ਘੋੜੇ, ਪੁੱਤਰ-ਮਿੱਤਰ, ਭਾਈ-ਬੰਧੀ ਸੱਭ ਝੂਠਾ ਪਸਾਰਾ ਨੇ। ਹੁਣ ਜੋਗੀ ਤਾਂ ਧੁਰ ਅੰਦਰ ਤੱਕ ਹਿੱਲ ਗਿਆ। ਮਾਨੋ ਉਹਦੇ ਅੰਦਰ ਦਾ ਹਨ੍ਹੇਰਾ ਗੁਰਬਾਣੀ ਦੀ ਇਕ ਪੰਕਤੀ ਨੇ ਹੀ ਦੂਰ ਕਰ ਦਿੱਤਾ ਹੈ। ਕਹਿਣ ਲੱਗਾ,"ਓ ਸਿੱਖਾ! ਤੈਥੋਂ ਕੁਰਬਾਨ। ਖੋਲ ਦਰਵਾਜ਼ਾ, ਮੈਂਨੂੰ ਆਪਣੇ ਦਰਸ਼ਨ ਦੇਹ। ਧੰਨ ਹੈਂ ਤੂੰ ਅਤੇ ਧੰਨ ਨੇ ਤੇਰੇ ਗੁਰੂ ਸਾਹਿਬ ਜੀ। ਮੈਂ ਤਾਂ ਕੀ? ਮੇਰੇ ਵਰਗੇ ਕਈ ਜੋਗੀ ਸਮਾਧੀਆਂ

ਲਾ ਥੱਕੇ। ਪ੍ਰਾਣਾਯਾਮ ਕੀਤੇ। ਪੁੱਠੇ ਲਟਕੇ। ਪਰ ਇਹ ਗਿਆਨ ਦ੍ਰਿੜ ਨਾ ਕਰ ਸਕੇ ਜੋ ਤੂੰ ਦ੍ਰਿੜ ਕੀਤਾ ਹੈ। ਕਰ ਕਿਰਪਾ, ਮੈਨੂੰ ਆਪਣਾ ਦਰਸ਼ਨ ਦੇ"।

ਭਾਈ ਤਿਲੋਕੇ ਨੇ ਅੰਦਰੋਂ ਹੀ ਕਿਹਾ,"ਜੋਗੀ ਜੀ, ਮੈਂ ਇਹ ਵਡਿਆਈ ਲੈ ਕੇ ਆਪਣੇ ਆਪ ਨੂੰ ਹਉਮੈ ਵਿਚ ਨਹੀਂ ਪਾਉਣਾ ਕਿ ਸੱਭ ਨੂੰ ਦਰਸ਼ਨ ਦੇਣ ਵਾਲਾ ਜੋਗੀ ਮੇਰੇ ਦਰਸ਼ਨ ਕਰਕੇ ਗਿਆ ਹੈ। ਤੁਸੀਂ ਜਾਓ, ਆਪਣੀ ਗੱਦੀ ਚਲਾਓ"।

ਜੋਗੀ ਤਰਲੇ ਲੈ ਲੈ ਕਹਿ ਰਿਹਾ ਸੀ,"ਨਾ ਓ ਸਿੱਖਾ, ਤੈਨੂੰ ਤੇਰੇ ਗੁਰੂ ਜੀ ਦਾ ਵਾਸਤਾ, ਮੈਨੂੰ ਦਰਸ਼ਨ ਦੇ ਅਤੇ ਮੇਰੀ ਬੇਨਤੀ ਮੰਨ ਕੇ ਆਪਣੇ ਗੁਰੂ ਜੀ ਨਾਲ ਵੀ ਮਿਲਾ ਦੇ"।

ਭਾਈ ਤਿਲੋਕੇ ਨੇ ਜਦੋਂ ਗੁਰੂ ਜੀ ਦੇ ਵਾਸਤੇ ਦੀ ਗੱਲ ਸੁਣੀ ਤਾਂ ਦਰਵਾਜ਼ਾ ਖੋਲਿਆ। ਸਾਰੇ ਲੋਕਾਂ ਨੇ ਵੇਖਿਆ ਕਿ ਜੋਗੀ ਨੇ ਪੈਰੀਂ ਹੱਥ ਲਾਉਣੇ ਚਾਹੇ, ਪਰ ਭਾਈ ਤਿਲੋਕੇ ਨੇ ਆਪ ਹੱਥ ਜੋੜ ਨਮਸਕਾਰ ਕੀਤੀ ਤੇ ਕਿਹਾ,"ਜੋਗੀ ਜੀ ਤੁਸੀਂ ਸਾਧੂ ਹੋ। ਵੱਡੀ ਉਮਰ ਦੇ ਹੋ। ਅਜਿਹਾ ਨਾ ਕਰੋ। ਮੈਂ ਤਾਂ ਆਪ ਗੁਰੂ ਸਾਹਿਬ ਜੀ ਦਾ ਨਿਮਾਣਾ ਜਿਹਾ ਸਿੱਖ ਹਾਂ"। ਮਹੇਸ਼ੇ ਜੋਗੀ ਨੇ ਭਾਈ ਤਿਲੋਕਾ ਜੀ ਨੂੰ ਬੇਨਤੀ ਕੀਤੀ ਕਿ ਉਹ ਉਸਨੂੰ ਗੁਰੂ ਜੀ ਕੋਲ ਲੈ ਜਾਵੇ। ਭਾਈ ਤਿਲੋਕਾ ਜੀ ਨੇ ਉਸ ਨੂੰ ਆਪਣਾ ਮਨ ਪੱਕਾ ਕਰਨ ਲਈ ਕਿਹਾ। ਇਹ ਵੀ ਕਿਹਾ ਕਿ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆਉਣ ਨਾਲ ਉਸ ਦੀ ਦੁਕਾਨਦਾਰੀ ਖ਼ਤਮ ਹੋ ਸਕਦੀ ਹੈ। ਪਰ ਜੋਗੀ ਨੇ ਕਿਹਾ ਕਿ ਉਸ ਦਾ ਮਨ ਪੱਕਾ ਹੈ। ਮੈਨੂੰ ਮਨ ਦੀ ਸ਼ਾਂਤੀ ਚਾਹੀਦੀ ਹੈ।

ਅਗਲੇ ਦਿਨ ਭਾਈ ਤਿਲੋਕਾ ਜੀ ਅਤੇ ਮਹੇਸ਼ਾ ਜੋਗੀ ਗੁਰੂ ਕੇ ਚੱਕ ਨੂੰ ਚੱਲ ਪਏ। ਰਸਤੇ ਵਿਚ ਜਾਂਦੇ ਗੱਲਾਂ ਗੱਲਾਂ ਵਿਚ ਉਸ ਜੋਗੀ ਨੂੰ ਭਾਈ ਤਿਲੋਕੇ ਤੋਂ ਇਹ ਪਤਾ ਲੱਗ ਗਿਆ ਕਿ ਗੁਰੂ ਸਾਹਿਬ ਜੀ ਦੀ ਉਮਰ ਕੋਈ 40 ਕੁ ਸਾਲ ਹੈ ਤਾਂ ਉਸਦੇ ਮਨ ਵਿਚ ਆਇਆ ਕਿ ਮੇਰੀ ਉਮਰ 300 ਸਾਲ ਹੈ। ਮੈਂ 40 ਸਾਲਾਂ ਦੇ ਇਕ ਜੁਆਕ ਪਾਸੋਂ ਗਿਆਨ ਲੈਣ ਜਾ ਰਿਹਾ ਹਾਂ। ਇਹ ਸੋਚ ਉਸ ਨੂੰ ਅੰਦਰੋਂ ਅੰਦਰੀ ਖਾਈ ਜਾ ਰਹੀ ਸੀ। ਪਰ ਭਾਈ ਤਿਲੋਕਾ ਜੀ ਉਸ ਨੂੰ ਗੁਰਬਾਣੀ ਦੇ ਸ਼ਬਦ ਸੁਣਾਉਂਦੇ ਅਤੇ ਗੁਰੂ ਸਾਹਿਬ ਜੀ ਦੇ ਅਸਚਰਜ ਕੌਤਕ ਸੁਣਾਉਂਦੇ 'ਗੁਰੂ ਕੇ ਚੱਕ' ਲੈ ਹੀ ਗਏ। ਸੇਵਕਾਂ ਨੇ ਗੁਰੂ ਸਾਹਿਬ ਜੀ ਨੂੰ ਭਾਈ ਤਿਲੋਕਾ ਜੀ ਨਾਲ ਇਕ ਜੋਗੀ ਦੇ ਆਉਣ ਦੀ ਖਬਰ ਦਿੱਤੀ। ਗੁਰੂ ਜੀ ਨੇ ਹੁਕਮ ਕੀਤਾ, "ਉਹਨਾਂ ਨੂੰ ਲੰਗਰ ਪਾਣੀ ਛਕਾ ਕੇ ਆਰਾਮ ਕਰਵਾਓ। ਕੱਲ ਜੋਗੀ ਜੀ ਨੂੰ ਦੀਵਾਨ ਵਿਚ ਸੰਗਤ ਦੇ ਨਾਲ ਨਹੀਂ ਆਉਣ ਦੇਣਾ। ਉਹਨਾਂ ਦੀ ਇਕੱਲੇ ਸਾਡੇ ਨਾਲ ਮੁਲਾਕਾਤ ਕਰਵਾਈ ਜਾਵੇ"।

ਜਦੋਂ ਜੋਗੀ ਅਗਲੇ ਦਿਨ ਗੁਰੂ ਸਾਹਿਬ ਜੀ ਕੋਲ ਗਿਆ ਤਾਂ ਗੁਰੂ ਜੀ ਉਸਨੂੰ ਉਸ ਤੋਂ ਵੀ ਵਡੇਰੀ ਉਮਰ ਦੇ ਦਿਖੇ। ਉਸਨੇ ਅਜੇ ਇਹ ਸੋਚਿਆ ਹੀ ਸੀ ਕਿ ਭਾਈ ਤਿਲੋਕਾ ਜੀ ਨੇ ਗੁਰੂ ਜੀ ਦੀ ਉਮਰ ਬਾਰੇ ਝੂਠ ਬੋਲਿਆ ਹੈ ਤਾਂ ਗੁਰੂ ਸਾਹਿਬ ਜੀ ਉਸ ਨੂੰ ਕਾਲੀ ਦਾੜ੍ਹੀ ਵਿਚ ਅਸਲ ਉਮਰ ਦੇ ਹੀ ਦਿਖੇ। ਜੋਗੀ ਇਸ ਕ੍ਰਿਸ਼ਮੇ ਦੇ ਨਾਲ ਹੀ ਡੌਰ ਭੌਰ ਜਿਹਾ ਹੋ ਗਿਆ। ਗੁਰੂ ਜੀ ਨੇ ਉਸ ਨੂੰ ਆਪਣੇ ਕੋਲ ਸਤਿਕਾਰ ਨਾਲ ਬਿਠਾਇਆ। ਫਿਰ ਪੁੱਛਿਆ,"ਜੋਗੀ ਜੀ, ਇਕ ਕੰਨ ਵਿਚ ਮੁੰਦਰ ਪਾਈ ਹੈ, ਦੂਜਾ ਕੰਨ ਕਿਥੇ ਗਿਆ?"

ਜੋਗੀ ਨੇ ਦੱਸਿਆ ਕਿ ਮਹਾਰਾਜ ਜੀ ਮੁੰਦਰਾਂ ਤਾਂ ਜੋਗ ਮਾਰਗ ਧਾਰਨ ਕਰਨ ਵੇਲੇ ਦੋਂਵੇਂ ਕੰਨਾਂ ਵਿਚ ਪਾਈਆਂ ਸਨ। ਪਰ ਇਕ ਦਿਨ ਦਰਿਆ ਵਿਚ ਭਗਤੀ ਕਰਨ ਵੇਲੇ ਇਕ ਵੱਡੀ ਮੱਛੀ ਕੰਨ ਕੱਟ

ਕੇ ਲੈ ਗਈ ਸੀ। ਇਹ ਦੱਸਦੇ ਸਮੇਂ ਜੋਗੀ ਦੇ ਚਿਹਰੇ ਉਪਰ ਉਸ ਸਮੇਂ ਦੀ ਪੀੜ ਵੀ ਉੱਭਰ ਆਈ ਸੀ। ਗੁਰੂ ਜੀ ਮੁਸਕਰਾਏ ਅਤੇ ਕੋਲ ਪਈ ਗੜਵੀ ਵੱਲ ਇਸ਼ਾਰਾ ਕਰਕੇ ਬੋਲੇ ਕਿ ਵੇਖੋ ਜੋਗੀ ਜੀ ਇਸ ਗੜਵੀ ਵਿਚ ਤੁਹਾਡਾ ਹੀ ਕੰਨ ਤਾਂ ਨਹੀਂ, ਜੋ ਮੱਛੀ ਲੈ ਗਈ ਸੀ। ਜਦ ਜੋਗੀ ਨੇ ਗੜਵੀ ਵਿਚ ਵੇਖਿਆ ਤਾਂ ਹੈਰਾਨ ਹੋ ਗਿਆ। ਹੱਦ ਹੋ ਗਈ, ਜੋ ਕੰਨ 200 ਸਾਲ ਪਹਿਲਾਂ ਮੱਛੀ ਕੱਟ ਕੇ ਲੈ ਗਈ ਸੀ, ਕੰਨ ਗੜਵੀ ਵਿਚ ਸੀ। ਕੰਨ ਵਿਚ ਉਹੀ ਮੁੰਦਰ ਸੀ, ਜੋ ਉਸ ਦੇ ਗੁਰੂ ਨੇ ਚੇਲਾ ਬਣਾਉਣ ਵੇਲੇ ਪਾਈ ਸੀ। ਉਸੇ ਵੇਲੇ ਗੁਰੂ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਬੋਲਿਆ ਕਿ ਆਪ ਵਿਚ ਅਤੇ ਬ੍ਰਹਮ ਵਿਚ ਕੋਈ ਭੇਦ ਨਹੀਂ ਹੈ। ਗੁਰੂ ਅਰਜਨ ਸਾਹਿਬ ਜੀ ਨੇ ਆਪਣੀ ਮੇਹਰ ਦੀ ਨਜ਼ਰ ਕਰਕੇ ਨਿਹਾਲ ਕਰ ਦਿਤਾ। ਜੋਗੀ ਧੰਨ ਗੁਰੂ, ਧੰਨ ਗੁਰੂ ਕਰਨ ਲੱਗ ਪਿਆ"।

ਉਸ ਜੋਗੀ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਸਨੂੰ ਵੀ ਆਪਣੀ ਸਿੱਖੀ ਬਖਸ਼ੋ। ਗੁਰੂ ਸਾਹਿਬ ਜੀ ਨੇ ਉਸ ਨੂੰ ਚਰਨ ਪਾਹੁਲ ਅਤੇ ਨਾਮ ਦੀ ਬਖਸ਼ਿਸ਼ ਕਰਕੇ ਗੁਰਬਾਣੀ ਦਾ ਗਿਆਨ ਬਖਸ਼ਿਆ। ਉਸ ਤੋਂ ਇਹ ਬਚਨ ਲਿਆ ਕਿ ਉਹ ਅੱਜ ਤੋਂ ਬਾਅਦ ਰਿੱਧੀਆਂ ਸਿੱਧੀਆਂ ਦਾ ਸਹਾਰਾ ਨਹੀਂ ਲਏਗਾ। ਉਸ ਨੂੰ ਸਿੱਖੀ ਦੇ ਪ੍ਰਚਾਰ ਕਰਨ ਲਈ ਕਿਹਾ। ਕੁਝ ਦਿਨ ਜੋਗੀ ਨੇ ਗੁਰੂ ਜੀ ਕੋਲ ਰਹਿ ਕੇ ਉਹਨਾਂ ਦੀ ਸੰਗਤ ਦਾ ਅਨੰਦ ਲਿਆ। ਇਸ ਦੌਰਾਨ ਗੁਰੂ ਜੀ ਦੀ ਕਿਰਪਾ ਐਸੀ ਵਰਤੀ ਕਿ ਗੁਰਬਾਣੀ ਅਤੇ ਸਤਿਸੰਗ ਨੇ ਉਸ ਦੇ ਮਨ ਨੂੰ ਇਤਨਾ ਪ੍ਰਭਾਵਿਤ ਕੀਤਾ ਕਿ ਆਪਣੇ ਸਾਰੇ ਸੇਵਕਾਂ ਨੂੰ ਗੁਰਬਾਣੀ ਅਤੇ ਗੁਰੂ ਸਾਹਿਬ ਜੀ ਨਾਲ ਜੋੜ ਦਿੱਤਾ।

ਪਿਆਰ ਨਾਲ ਬੋਲੋ ਜੀ:

ਧੰਨ ਗੁਰੂ ਅਰਜਨ ਸਾਹਿਬ ਜੀ

ਧੰਨ ਭਾਈ ਤਿਲੋਕਾ ਜੀ

*******************

# ਭਾਈ ਸਾਲ੍ਹੋ ਜੀ

ਭਾਈ ਸਾਲ੍ਹੋ ਜੀ ਧੰਨ ਗੁਰੂ ਰਾਮ ਦਾਸ ਜੀ ਦੇ ਸਮੇਂ ਗੁਰੂ ਘਰ ਨਾਲ ਜੁੜੇ ਅਤੇ ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੱਕ ਗੁਰੂ ਘਰ ਦੀ ਅਥਾਹ ਸੇਵਾ ਕੀਤੀ। ਉਹਨਾਂ ਵਲੋਂ ਕੀਤੀ ਸੇਵਾ ਅਤੇ ਸਿਮਰਨ ਨੇ ਉਹਨਾਂ ਨੂੰ ਕਥਨੀ ਅਤੇ ਕਰਨੀ ਦਾ ਪੂਰਾ ਬਣਾ ਦਿੱਤਾ। ਉਹ ਜੋ ਬਚਨ ਕਰ ਦਿੰਦੇ ਸਨ, ਉਹ ਪੂਰਾ ਹੋ ਜਾਂਦਾ ਸੀ। ਉਹਨਾਂ ਦੇ ਸੰਗੀ ਇਹ ਕਿਹਾ ਕਰਦੇ ਸਨ ਕਿ ਭਾਈ ਸਾਲ੍ਹੋ ਜੀ ਦੀ ਰਸਨਾ ਤੇ ਪ੍ਰਭੂ  ਆਪ ਵਰਤਦਾ ਹੈ। ਇਕ ਵਾਰ ਮੱਧ ਪ੍ਰਦੇਸ਼ ਦਾ ਰਾਜਾ ਕੰਵਲ ਸੈਨ 'ਗੁਰੂ ਕੇ ਚੱਕ' ਵਿਖੇ  ਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨਾਂ ਲਈ ਆਇਆ। ਉਸ ਦੇ ਨਾਲ ਉਸ ਦਾ ਪੁੱਤਰ ਵੀ ਸੀ। ਰਾਜ ਕੁਮਾਰ ਦੀ ਉਮਰ ਕੋਈ 7-8 ਸਾਲ ਦੀ ਸੀ। ਰਾਜਾ ਕੰਵਲ ਸੈਨ ਨੇ ਸ਼ੁਰੂ ਤੋਂ ਹੀ ਸ਼ਾਹੀ ਮਹਿਲਾਂ ਵਿਚ ਹੁਕਮ ਦੇ ਰੱਖਿਆ ਸੀ ਕਿ ਰਾਜ ਕੁਮਾਰ ਨੂੰ ਲੜਕੀਆਂ ਵਾਲੇ ਬਸਤਰਾਂ ਵਿਚ ਰੱਖਿਆ ਜਾਵੇ ਕਿਉਂਕਿ ਉਹ ਉਸਨੂੰ ਦੁਸ਼ਮਨਾਂ ਦੀਆਂ ਨਜ਼ਰਾਂ ਤੋਂ ਬਚਾ ਕੇ ਰੱਖਣਾ ਚਾਹੁੰਦਾ ਸੀ। ਜਦੋਂ ਰਾਜਾ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਆਇਆ ਤਾਂ ਵੀ ਰਾਜ ਕੁਮਾਰ ਨੇ ਲੜਕੀਆਂ ਵਾਲੇ ਕਪੜੇ ਪਾਏ ਹੋਏ ਸਨ। ਭਾਈ ਸਾਲ੍ਹੋ ਜੀ ਉਸ ਸਮੇਂ ਪ੍ਰਕਰਮਾਂ ਵਿਚ ਝਾੜੂ ਲਗਾਉਣ ਦੀ ਸੇਵਾ ਕਰ ਰਹੇ ਸਨ। ਅਚਾਨਕ ਰਾਜ ਕੁਮਾਰ ਦਾ ਪੈਰ ਝਾੜੂ ਉਪਰ ਆ ਗਿਆ। ਭਾਈ ਸਾਲ੍ਹੋ ਜੀ ਦੇ ਮੂੰਹ ਤੋਂ ਸੁਭਾਵਕ ਹੀ ਨਿਕਲ ਗਿਆ ਕਿ ਪੁੱਤਰੀ, ਗੁਰੂ ਘਰ ਵਿਚ ਧਿਆਨ ਨਾਲ ਤੁਰਿਆ ਕਰੋ ਤਾਂ ਕਿ ਕਿਸੇ ਦੀ ਸੇਵਾ, ਕਿਸੇ ਦੀ ਭਗਤੀ ਜਾਂ ਕਿਸੇ ਦੀ ਬੰਦਗੀ ਵਿਚ ਕੋਈ ਵਿਘਨ ਨਾ ਪਵੇ। ਜਦੋਂ ਰਾਜਾ ਕੰਵਲ ਸੈਨ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਵਾਪਸ



ਆਪਣੇ ਸ਼ਾਹੀ ਤੰਬੂ ਵਿਚ ਪਹੁੰਚਿਆ ਤਾਂ ਵੇਖ ਕੇ ਹੈਰਾਨ ਪ੍ਰੇਸ਼ਾਨ ਹੋ ਗਿਆ ਕਿ ਰਾਜ ਕੁਮਾਰ ਦੇ

ਲੜਕੀਆਂ ਵਾਲੇ ਹਾਵ ਭਾਵ ਹੋ ਗਏ ਸਨ। ਜਦੋਂ ਦਾਸੀ ਨੇ ਕਪੜੇ ਬਦਲੇ ਤਾਂ ਰਾਜ ਕੁਮਾਰ ਵਿਚ ਲੜਕੀ ਵਾਲੇ ਸਾਰੇ ਬਦਲਾਉ ਦੇਖ ਕੇ ਸਾਰੀ ਗੱਲ ਰਾਜੇ ਨੂੰ ਦੱਸੀ। ਸਾਰੀ ਰਾਤ ਰਾਜੇ ਨੂੰ ਨੀਂਦ ਨਹੀਂ ਆਈ। ਮਨ ਵਿਚ ਭੈੜੇ ਭੈੜੇ ਵਿਚਾਰ ਆਉਂਦੇ ਰਹੇ। ਕਦੇ ਉਹ ਆਪਣੇ ਆਪ ਨੂੰ ਕੋਸਦਾ ਕਿ ਮੈਂ ਰਾਜ ਕੁਮਾਰ ਨੂੰ ਲੜਕੀਆਂ ਵਾਲੇ ਕਪੜੇ ਕਿਉਂ ਪਵਾਉਂਦਾ ਰਿਹਾ ਹਾਂ। ਕਦੇ ਉਸ ਨੂੰ ਖਿਆਲ ਆਉਂਦਾ ਕਿ ਗੁਰੂ ਘਰ ਵਿਚ ਸਾਡੇ ਤੋ ਕੋਈ ਅਵੱਗਿਆ ਹੋ ਗਈ ਹੈ। ਕਦੇ ਉਹ ਇਹ ਵੀ ਸੋਚਦਾ ਕਿ ਇਹ ਕੈਸਾ ਧਰਮ ਅਸਥਾਨ ਹੈ ਜਿਥੋਂ ਮੈਂ ਆਪਣੇ ਪੁੱਤਰ ਨੂੰ ਪੁੱਤਰੀ ਬਣਾ ਕੇ ਲੈ ਜਾਵਾਂਗਾ। ਸਵੇਰ ਹੁੰਦੇ ਸਾਰ ਉਸਨੇ ਧੰਨ ਗੁਰੂ ਅਰਜਨ ਸਾਹਿਬ ਜੀ ਕੋਲ ਜਾਕੇ ਸਾਰੀ ਵਾਰਤਾ ਸੁਣਾਈ ਅਤੇ ਬੇਨਤੀ ਕੀਤੀ ਕਿ ਮੈਨੂੰ ਆਪਣੇ ਦਰਬਾਰ ਤੋਂ ਅਭਾਗਾ ਬਣਾ ਕੇ ਨਾ ਭੇਜਿਓ ਜੀ। ਪਤਾ ਨਹੀਂ ਕਿੱਥੇ ਕਿੱਥੇ ਦੀਆਂ ਸੁੱਖਣਾ ਸੁੱਖ ਸੁੱਖ ਕੇ ਪੁੱਤਰ ਦੀ ਪ੍ਰਾਪਤੀ ਹੋਈ ਹੈ। ਆਪ ਦੇ ਦਰਬਾਰ ਦਾ ਧਿਆਨ ਧਰ ਕੇ ਵੀ ਅਰਦਾਸਾਂ ਕਰਦੇ ਰਹੇ ਹਾਂ। ਗੁਰੂ ਸਾਹਿਬ ਜੀ ਨੇ ਰਾਜੇ ਨੂੰ ਦਿਮਾਗ ਉਪਰ ਜ਼ੋਰ ਦੇ ਕੇ ਸੋਚਣ ਲਈ ਕਿਹਾ ਕਿ ਤੁਹਾਨੂੰ ਇਸ ਦਰਬਾਰ ਵਿਚ ਕੌਣ ਕੌਣ ਮਿਲਿਆ ਅਤੇ ਉਸ ਨੇ ਕੀ ਕੀ ਕਿਹਾ? ਰਾਜੇ ਨੂੰ ਇਕ ਦਮ ਯਾਦ ਆ ਗਿਆ। ਉਸਨੇ ਗੁਰੂ ਸਾਹਿਬ ਜੀ ਨੂੰ ਦੱਸਿਆ ਕਿ ਪਰਿਕਰਮਾ ਵਿਚ ਝਾੜੂ ਕਰ ਰਹੇ ਇਕ ਬਜ਼ੁਰਗ ਸੇਵਾਦਾਰ ਨੇ ਇਸ ਦੇ ਲੜਕੀਆਂ ਵਾਲੇ ਕਪੜੇ ਦੇਖ ਕੇ ਇਸ ਨੂੰ ਪੁੱਤਰੀ ਕਹਿ ਕੇ ਸਮਝਾਇਆ ਸੀ।

ਗੁਰੂ ਸਾਹਿਬ ਜੀ ਇਕ ਦਮ ਸਮਝ ਗਏ ਕਿ ਜ਼ਰੂਰ ਇਹ ਭਾਈ ਸਾਲ੍ਹੋ ਜੀ ਹੀ ਸਨ ਜਿਹਨਾਂ ਦੀ ਸੇਵਾ ਵਿਚ ਵਿਘਨ ਪਿਆ ਹੋਵੇਗਾ। ਗੁਰੂ ਸਾਹਿਬ ਜੀ ਨੇ ਰਾਜੇ ਨੂੰ ਸਮਝਾਇਆ ਕਿ ਕੱਲ ਸਵੇਰੇ ਜਦੋਂ ਉਹ ਝਾੜੂ ਦੀ ਸੇਵਾ ਕਰ ਰਹੇ ਹੋਣਗੇ ਤਾਂ ਇਸ ਨੂੰ ਰਾਜ ਕੁਮਾਰ ਵਾਲੇ ਕਪੜੇ ਪੁਆ ਕੇ ਇਸ ਦਾ ਪੈਰ ਉਹਨਾਂ ਦੇ ਝਾੜੂ ਉਪਰ ਰਖਵਾ ਦੇਣਾ। ਇਸੇ ਤ੍ਰਰਾਂ ਹੀ ਕੀਤਾ ਗਿਆ। ਭਾਈ ਸਾਲ੍ਹੋ ਜੀ ਨੇ ਕਿਹਾ,'ਪੁੱਤਰਾ, ਧਿਆਨ ਨਾਲ ਚੱਲਿਆ ਕਰ'। ਇਹ ਬਚਨ ਹੁੰਦੇ ਹੀ ਉਹ ਫਿਰ ਲੜਕਾ ਬਣ ਗਿਆ। ਭਾਈ ਸਾਲ੍ਹੋ ਜੀ ਨੇ ਰਾਜੇ



ਨੂੰ ਕਿਹਾ,"ਰਾਜਾ ਜੀ ਤੁਹਾਡੇ ਉਪਰ ਗੁਰੂ ਸਾਹਿਬ ਜੀ ਦੀ ਬਹੁਤ ਕਿਰਪਾ ਹੋਈ ਹੈ। ਸਾਨੂੰ ਸੇਵਕਾਂ ਨੂੰ ਤਾਂ ਉਹ ਐਵੇਂ ਹੀ ਮਾਣ ਬਖਸ਼ਦੇ ਰਹਿੰਦੇ ਹਨ। ਜਾਓ! ਇਕ ਝਾੜੂ ਲੈ ਕੇ ਆਓ। ਆਪ ਵੀ ਸੇਵਾ ਕਰੋ

ਅਤੇ ਰਾਜ ਕੁਮਾਰ ਤੋਂ ਵੀ ਕਰਵਾਓ। ਇਹ ਬੱਚਾ ਬਹੁਤ ਤੇਜ ਪ੍ਰਤਾਪੀ ਰਾਜਾ ਹੋਵੇਗਾ। ਰਾਜੇ ਨੇ ਪ੍ਰਸੰਨ ਹੋ ਕੇ ਭਾਈ ਸਾਲ੍ਹੋ ਜੀ ਦੇ ਚਰਨ ਸਪਰਸ਼ ਕਰਕੇ ਕਿਹਾ ਕਿ ਇਹੀ ਇਕ ਦਰ ਦੇਖਿਆ ਹੈ ਜਿਥੇ ਸੇਵਕਾਂ ਦੀ ਜ਼ਬਾਨ ਤੇ ਵੀ ਪ੍ਰਭੂ ਵਸਦਾ ਹੈ। ਜੋ ਉਹ ਕਹਿੰਦੇ ਹਨ, ਉਹ ਸੱਚ ਹੋ ਜਾਂਦਾ ਹੈ।

ਐਸੇ ਕਰਨੀ ਵਾਲੇ ਸੇਵਕ ਭਾਈ ਸਾਲ੍ਹੋ ਜੀ ਦਾ ਜਨਮ 29 ਸਤੰਬਰ, 1554 ਈਸਵੀ ਨੂੰ ਮਾਲਵੇ ਦੇ ਇਕ ਛੋਟੇ ਜਿਹੇ ਕਸਬੇ ਧੌਲਾ ਕਾਂਗੜ (ਹੁਣ ਮੁਕਤਸਰ ਜ਼ਿਲੇ ਵਿਚ) ਹੋਇਆ। ਪਿਤਾ ਜੀ ਦਾ ਨਾਮ ਭਾਈ ਦਿਆਲਾ ਜੀ ਅਤੇ ਮਾਤਾ ਜੀ ਦਾ ਨਾਮ ਸੁਖਦੇਈ ਜੀ ਸੀ। ਇਹ ਧਾਲੀਵਾਲ ਜੱਟਾਂ ਦਾ ਪਰਿਵਾਰ ਸੀ। ਉਹ ਖੇਤੀਬਾੜੀ ਕਰਦੇ ਸਨ। ਧਾਰਮਿਕ ਬਿਰਤੀ ਵੱਲੋਂ ਇਹ ਲਾਲਾਂ ਵਾਲੇ ਪੀਰ ਦੇ ਸ਼ਰਧਾਲੂ ਹਨ। ਇਹ ਪੀਰ ਉਹੀ ਨਿਗਾਹੇ ਵਾਲਾ ਪੀਰ ਹੀ ਹੈ। ਇਹ ਹੋਰ ਵੀ ਕਈ ਨਾਵਾਂ ਨਾਲ ਮਸ਼ਹੂਰ ਹੈ ਜਿਵੇਂ ਧੌਂਕਲੀਆ ਪੀਰ, ਸੁਲਤਾਨ, ਸਖੀ ਸਰਵਰ। ਬਾਲਕ ਸਾਲ੍ਹੋ ਨੂੰ ਉਹ ਪੀਰ ਦੀ ਬਖਸ਼ਿਸ਼ ਨਾਲ ਹੋਇਆ ਹੀ ਮੰਨਦੇ ਸਨ। ਇਸੇ ਲਈ ਉਸ ਨੂੰ ਬਚਪਨ ਤੋਂ ਹੀ ਪੀਰ ਦੀ ਭਗਤੀ ਵੱਲ ਲਗਾਉਣਾ ਚਾਹੁੰਦੇ ਸਨ। ਪਰ ਬਾਲਕ ਸਾਲ੍ਹੋ ਜੀ ਦੀ ਬਿਰਤੀ ਪੀਰ ਦੇ ਢੋਲ ਡੱਗੇ ਨਾਲ ਜੁੜਦੀ ਨਹੀਂ ਸੀ। ਉਹ ਤਾਂ ਇਕਾਂਤ ਪਸੰਦ ਸਨ। ਦੂਰ ਖੇਤਾਂ ਵਿਚ ਇਕੱਲੇ ਹੀ ਅੱਖਾਂ ਬੰਦ ਕਰਕੇ ਕਿਸੇ ਮਸਤੀ ਵਿਚ ਬੈਠੇ ਰਹਿੰਦੇ ਸਨ।

ਬਾਲਕ ਸਾਲ੍ਹੋ ਜੀ ਬਚਪਨ ਤੋਂ ਹੀ ਬਹੁਤ ਤੇਜ ਬੁੱਧੀ ਵਾਲੇ ਸਨ। ਇਕ ਵਾਰ ਪਿਤਾ ਜੀ ਨੇ ਉਹਨਾਂ ਨੂੰ ਨਵੇਂ ਬੀਜੇ ਬਾਜਰੇ ਦੇ ਖੇਤ ਦੀ ਰਾਖੀ ਬਿਠਾ ਦਿੱਤਾ। ਉਹ ਸੋਟੀ ਫੜ ਕੇ ਖੇਤ ਵਿਚ ਚਿੜੀਆਂ ਨੂੰ ਉਡਾਉਣ ਲੱਗ ਗਏ। ਪਰ ਫਿਰ ਉਹਨਾਂ ਨੇ ਸੋਚਿਆ ਕਿ ਇਸ ਤਰ੍ਹਾਂ ਕਰਕੇ ਇਕ ਤਾਂ ਉਹ ਪ੍ਰਮਾਤਮਾ ਦੇ ਹੁਕਮ ਦੀ ਅਵੱਗਿਆ ਕਰ ਰਹੇ ਹਨ, ਕਿਉਂਕਿ ਚਿੜੀਆਂ ਨੂੰ ਉਹਨਾਂ ਲਈ ਪ੍ਰਭੂ ਵੱਲੋਂ ਬਣਾਇਆ ਭੋਜਨ ਖਾਣ ਨਹੀ ਦੇ ਰਹੇ, ਦੂਜਾ ਉਹ ਬੇਕਾਰ ਖੇਤ ਵਿਚ ਫਿਰਕੇ ਆਪਣਾ ਮਸਤੀ ਭਰਿਆ ਸਮਾਂ ਖਰਾਬ ਕਰ ਰਹੇ ਹਨ। ਇਸ ਲਈ ਦੌੜ ਕੇ ਘਰ ਤੋਂ ਬਾਜਰੇ ਦਾ ਥੈਲਾ ਅਤੇ ਕੁਝ ਕਟੋਰੀਆਂ ਚੁੱਕ ਲਿਆਏ। ਇਹਨਾਂ ਵਿਚੋਂ ਕੁਝ ਵਿਚ ਬਾਜਰਾ ਅਤੇ ਕੁਝ ਵਿਚ ਪਾਣੀ ਪਾਕੇ ਉਹਨਾਂ ਨੇ ਖੇਤ ਦੇ ਆਲੇ ਦੁਆਲੇ ਰੱਖ ਦਿੱਤਾ। ਨਤੀਜਾ ਇਹ ਨਿਕਲਿਆ ਕਿ ਪੰਛੀਆਂ ਨੇ ਖੇਤ ਦਾ ਕੋਈ ਨੁਕਸਾਨ ਨਾ ਕੀਤਾ ਸਗੋਂ ਕੁੱਜੀਆਂ ਵਿਚੋਂ ਦਾਣਾ ਪਾਣੀ ਲੈਂਦੇ ਰਹੇ। ਉਹਨਾਂ ਦੀ ਇਸ ਸਕੀਮ ਨੂੰ ਪਿੰਡ ਦੇ ਹੋਰ ਲੋਕਾਂ ਨੇ ਵੀ ਅਪਣਾ ਲਿਆ। ਪਿਤਾ ਭਾਈ ਦਿਆਲਾ ਜੀ ਆਪਣੇ ਪੁੱਤਰ ਦੀ ਦਿਆਲਤਾ ਤੇ ਪ੍ਰਸੰਨ ਹੋ ਰਹੇ ਸਨ ਕਿ ਬਾਲਕ ਸਾਲ੍ਹੋ ਨੇ ਖੇਤਾਂ ਦੀ ਰਾਖੀ ਦੇ ਨਾਲ ਨਾਲ ਪੰਛੀਆਂ ਦੇ ਭੋਜਨ ਦਾ ਇੰਤਜ਼ਾਮ ਵੀ ਕਰਵਾ ਦਿੱਤਾ ਹੈ।

ਇਹ ਸਮਾਂ ਪਠਾਣਾਂ ਅਤੇ ਮੁਗਲਾਂ ਵਿਚ ਰਾਜਸੀ ਖਹਿਬਾਜੀ ਦਾ ਸਮਾਂ ਹੈ। ਇਕ ਪਾਸੇ ਮੁਗਲ ਬਾਦਸ਼ਾਹ ਮੁਹੰਮਦ ਜਲਾਲੂਦੀਨ ਅਕਬਰ ਹੈ, ਦੂਜੇ ਪਾਸੇ ਪਠਾਣ ਸ਼ਹਿਨਸ਼ਾਹ, ਸ਼ੇਰਸ਼ਾਹ ਸੂਰੀ ਹੈ। ਵੱਖ ਵੱਖ ਇਲਾਕਿਆਂ ਉਪਰ ਕਬਜ਼ਾ ਕਰਨ ਲਈ ਇਹ ਆਪਸ ਵਿਚ ਲੜਦੇ ਰਹਿੰਦੇ ਹਨ। ਇਹਨਾਂ ਦੋਹਾਂ ਦੀ ਰਾਜਸੀ ਲਾਲਸਾ ਕਾਰਨ ਲੜਾਈ ਦੀ ਚਪੇਟ ਵਿਚ ਇਹਨਾਂ ਦਾ ਨਗਰ ਧੌਲਾ ਕਾਂਗੜ ਵੀ ਆ ਗਿਆ। ਮੁਗਲਾਂ ਦੀ ਜਿੱਤ ਹੋਈ। ਅਕਬਰ ਦੀ ਸੈਨਾ ਨੇ ਨਗਰ ਨੂੰ ਖੂਬ ਲੁੱਟਿਆ। ਭਾਈ ਸਾਲ੍ਹੋ ਜੀ ਦੇ ਮਾਤਾ ਪਿਤਾ ਆਪਣੇ ਬਚੇ ਖੁਚੇ ਸਮਾਨ ਨੂੰ ਲੈ ਕੇ 'ਗੁਰੂ ਕੇ ਚੱਕ' ਦੇ ਨੇੜੇ ਪੈਂਦੇ ਨਗਰ ਮਜੀਠਾ ਵਿਚ

ਆ ਕੇ ਵੱਸ ਗਏ। ਬਾਲਕ ਸਾਲ੍ਹੋ ਨੇ ਆਪਣੇ ਪੜੋਸ ਵਿਚ ਖੇਡਦੇ ਸਮੇਂ ਇਹ ਸੁਣ ਰੱਖਿਆ ਹੈ ਕਿ 'ਗੁਰੂ ਕੇ ਚੱਕ' ਵਿਚ ਧੰਨ ਗੁਰੂ ਰਾਮ ਦਾਸ ਜੀ ਸਰੋਵਰ ਦੀ ਸੇਵਾ ਕਰਵਾ ਰਹੇ ਹਨ। ਉਹ ਮਾਤਾ ਪਿਤਾ ਨੂੰ 'ਗੁਰੂ ਕੇ ਚੱਕ' ਲੈ ਜਾਣ ਲਈ ਜ਼ੋਰ ਪਾਉਣ ਲੱਗਿਆ। ਕੁਦਰਤੀ ਇਹਨਾਂ ਹੀ ਦਿਨਾਂ ਵਿਚ ਪੀਰ ਦਾ ਸਲਾਨਾ ਉਤਸਵ ਆ ਰਿਹਾ ਸੀ। ਇਸ ਲਈ ਉਹਨਾਂ ਨੇ ਨਿਗਾਹੇ ਨੂੰ ਜਾਂਦੇ ਹੋਏ 'ਗੁਰੂ ਕੇ ਚੱਕ' ਵਿਖੇ ਵੀ ਕੁੱਝ ਦਿਨ ਰੁਕਣ ਦਾ ਫੈਸਲਾ ਕੀਤਾ। ਭਾਈ ਦਿਆਲਾ ਜੀ ਨੇ ਗੁਰੂ ਘਰ ਦੀ ਸੋਭਾ ਤਾਂ ਪਹਿਲਾਂ ਵੀ ਸੁਣੀ ਹੋਈ ਸੀ ਪਰ ਕਦੇ ਗਿਆ ਨਹੀਂ ਸੀ। ਹੁਣ 'ਗੁਰੂ ਕੇ ਚੱਕ' ਜਾਣ ਦੇ ਫੈਸਲੇ ਦੇ ਨਾਲ ਗੁਰੂ ਸਾਹਿਬ ਜੀ ਨੇ ਉਹਨਾਂ ਦੇ ਮਨ ਵਿਚ ਇਹ ਫੁਰਨਾ ਵੀ ਬਣਾ ਦਿੱਤਾ ਕਿ ਜੇ ਗੁਰੂ ਪੂਰਾ ਹੋਵੇਗਾ ਤਾਂ ਉਹਨਾਂ ਨੂੰ ਆਪ ਆਵਾਜ਼ ਮਾਰ ਕੇ ਬੁਲਾਵੇਗਾ। ਗੁਰੂ ਸਾਹਿਬ ਜੀ ਦੀ ਮੌਜ ਕਿ ਇਹੀ ਫੁਰਨਾ ਮਾਤਾ ਸੁਖਦੇਈ ਜੀ ਨੇ ਅਪਣੇ ਮਨ ਵਿਚ ਬਣਾ ਲਿਆ ਹੋਇਆ ਸੀ । ਪਰ ਦੋਹਾਂ ਨੇ ਇਕ ਦੂਜੇ ਨੂੰ ਇਸ ਬਾਰੇ ਕੋਈ ਗੱਲ ਨਾ ਕੀਤੀ ਕਿ ਜੇ ਗੁਰੂ ਸਾਹਿਬ ਜੀ ਨੇ ਬੁਲਾਇਆ ਤਾਂ ਹੀ ਇਸ ਬਾਰੇ ਗੱਲ ਕਰਨਗੇ। ਅਸਲ ਵਿਚ ਦੋਹਾਂ ਨੂੰ ਇਹ ਭਰੋਸਾ ਹੀ ਨਹੀਂ ਸੀ ਕਿ ਇਸ ਤਰ੍ਹਾਂ ਹੋਵੇਗਾ। ਅਜੇ ਉਹਨਾਂ ਨੇ ਪਹਿਲੇ ਦਿਨ ਹੀ ਸੇਵਾ ਕੀਤੀ ਸੀ ਕਿ ਸ਼ਾਮ ਨੂੰ ਧੰਨ ਗੁਰੂ ਰਾਮ ਦਾਸ ਜੀ ਸੋਢੀ ਪਾਤਸ਼ਾਹ ਆਪ ਅੱਜ ਹੋਈ ਕਾਰ ਸੇਵਾ ਦਾ ਜਾਇਜ਼ਾ ਲੈਣ ਲਈ ਆ ਗਏ। ਅੰਤਰਜਾਮੀ ਪਾਤਸ਼ਾਹ ਨੇ ਉਹਨਾਂ ਦੇ ਕੋਲ ਆ ਕੇ ਕਿਹਾ,"ਆਓ ਭਾਈ ਮਜੀਠੇ ਵਾਲਿਓ, ਭੁਲੇਖੇ ਦੂਰ ਕਰ ਲਓ। ਲੱਖਦਾਤੇ ਪੀਰ ਦੀ ਜ਼ਿਆਰਤ ਤਾਂ ਹਰ ਸਾਲ ਕਰਦੇ ਹੀ ਰਹੇ ਹੋ। ਹੁਣ ਗੁਰੂ ਘਰ ਦੀ ਸੇਵਾ ਕਰਿਆ ਕਰੋ"। ਧੰਨ ਗੁਰੂ ਰਾਮ ਦਾਸ ਜੀ ਦੇ ਮੁੱਖੜੇ ਤੋਂ ਮਿੱਠੇ ਬੋਲ ਸੁਣ ਕੇ ਭਾਈ ਦਿਆਲਾ ਜੀ ਦਾ ਹਿਰਦਾ ਸ਼ਾਂਤ ਹੋ ਗਿਆ ਸੀ। ਉਹਨਾਂ ਨੇ ਉਸੇ ਸਮੇਂ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਸਿਰ ਰੱਖ ਦਿਤਾ। ਜਦੋਂ ਗੁਰੂ ਸਾਹਿਬ ਜੀ ਉਹਨਾਂ ਨੂੰ ਥਾਪੜਾ ਦੇ ਕੇ ਚਲੇ ਗਏ ਤਾਂ ਮਾਤਾ ਸੁਖਦੇਈ ਜੀ ਨੇ ਆਪਣੇ ਮਨ ਦੇ ਫੁਰਨੇ ਬਾਰੇ ਦੱਸਿਆ। ਭਾਈ ਦਿਆਲਾ ਜੀ ਕਹਿਣ ਕਿ ਮੈਂ ਵੀ ਇਹੋ ਹੀ ਸੋਚਿਆ ਸੀ। ਬਸ ਇਕ ਹੀ ਪਲ ਵਿਚ ਸ਼ਰਧਾ ਇਤਨੀ ਬਣ ਗਈ ਕਿ ਪਿਛਲੇ ਤੀਹ ਸਾਲਾਂ ਦੀ ਪੀਰ ਦੀ ਭਗਤੀ ਦਾ ਰੰਗ ਦੂਸਰੇ ਹੀ ਪਲ ਉਡ ਗਿਆ। ਇਕ ਮਹੀਨਾ ਉਹ 'ਗੁਰੂ ਕੇ ਚੱਕ' ਰਹਿ ਕੇ ਸੇਵਾ ਕਰਦੇ ਰਹੇ। ਸਤਿ ਸੰਗਤ ਕਰਦੇ। ਸਿਮਰਨ ਕਰਦੇ। ਇਹਨਾਂ ਦਿਨਾਂ ਵਿਚ ਗੁਰੂ ਸਾਹਿਬ ਜੀ ਬਾਲਕ ਸਾਲ੍ਹੋ ਦੀ ਜੁੜੀ ਬਿਰਤੀ ਨੂੰ ਨਿਹਾਰਦੇ ਰਹਿੰਦੇ। ਮਹੀਨੇ ਪਿਛੋਂ ਉਹਨਾਂ ਨੇ ਗੁਰੂ ਸਾਹਿਬ ਜੀ ਤੋਂ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਜੀ ਨੇ ਬਾਲਕ ਸਾਲ੍ਹੋ ਨੂੰ ਇਥੇ ਹੀ ਛੱਡ ਕੇ ਜਾਣ ਦਾ ਹੁਕਮ ਦਿੱਤਾ। ਇਸ ਹੁਕਮ ਨਾਲ ਜਿਥੇ ਬਾਲਕ ਸਾਲ੍ਹੋ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਉਥੇ ਉਹਨਾਂ ਦੇ ਮਾਤਾ ਪਿਤਾ ਨੇ ਵੀ ਇਸ ਨੂੰ ਆਪਣਾ ਸੁਭਾਗ ਸਮਝਿਆ। ਬਾਲਕ ਸਾਲ੍ਹੋ ਗੁਰੂ ਸਾਹਿਬ ਜੀ ਕੋਲ ਰਹਿ ਕੇ ਸੇਵਾ ਅਤੇ ਸਿਮਰਨ ਵਿਚ ਜੁੱਟ ਗਏ।

ਸਮਾਂ ਲੰਘਦਾ ਗਿਆ। ਬਾਲਕ ਸਾਲ੍ਹੋ ਗੁਰੂ ਘਰ ਦੀ ਸੇਵਾ ਕਰਦੇ, ਸਿਮਰਨ ਕਰਦੇ ਅਤੇ ਗੁਰੂ ਸਾਹਿਬ ਜੀ ਦਾ ਹਰ ਬਚਨ ਸਤਿ ਕਰਕੇ ਮੰਨਦੇ ਹੋਏ ਜੁਆਨ ਹੋਇਆ। ਉਹਨਾਂ ਦੀ ਸੇਵਾ ਅਤੇ ਕਮਾਈ ਨੂੰ ਦੇਖਦੇ ਹੋਏ ਸਾਰੇ ਪਿਆਰ ਨਾਲ ਉਹਨਾਂ ਨੂੰ ਹੁਣ ਭਾਈ ਸਾਲ੍ਹੋ ਜੀ ਕਹਿਣ ਲਗ ਪਏ ਸਨ। ਧੰਨ ਗੁਰੂ ਰਾਮ ਦਾਸ ਜੀ ਨੇ ਉਹਨਾਂ ਨੂੰ ਆਪਣੇ ਮਹਿਲਾਂ ਦੇ ਨੇੜੇ ਹੀ ਰਿਹਾਇਸ਼ ਬਣਵਾ ਦਿੱਤੀ ਸੀ। ਗੁਰੂ ਸਾਹਿਬ ਜੀ ਦੇ ਮਹਿਲਾਂ ਦੇ ਨੇੜੇ ਹੋਣ ਕਰਕੇ ਉਹਨਾਂ ਨੂੰ ਗੁਰੂ ਪਰਿਵਾਰ ਦੀ ਸੇਵਾ ਕਰਨ ਦਾ ਵੀ ਮੌਕਾ ਮਿਲਦਾ ਰਹਿੰਦਾ ਸੀ। ਭਾਈ ਸਾਲ੍ਹੋ ਜੀ ਦੀ ਪ੍ਰੀਤ ਹੋਰ ਜ਼ਿਆਦਾ ਪੱਕੀ ਹੁੰਦੀ ਗਈ।

ਪ੍ਰਮਾਤਮਾ ਦੇ ਹੁਕਮ ਵਿਚ "ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ" (ਪਾਵਨ ਅੰਗ 1408) ਦੇ ਮਹਾਂਵਾਕ ਅਨੁਸਾਰ ਧੰਨ ਗੁਰੂ ਰਾਮ ਦਾਸ ਜੀ ਮਹਾਰਾਜ ਨੇ ਜੱਗ ਨੂੰ ਤਾਰਨ ਦੀ ਜ਼ਿੰਮੇਵਾਰੀ ਧੰਨ ਗੁਰੂ ਅਰਜਨ ਸਾਹਿਬ ਜੀ ਨੂੰ ਸੌਂਪ ਦਿੱਤੀ। ਭਾਈ ਸਾਲ੍ਹੋ ਜੀ ਹੁਣ ਗੁਰੂ ਅਰਜਨ ਸਾਹਿਬ ਜੀ ਦੀ ਅਗਵਾਈ ਵਿਚ ਸੇਵਾ ਕਰਨ ਲੱਗੇ। ਗੁਰੂ ਸਾਹਿਬ ਜੀ ਨੇ ਆਪਣੇ ਪਿਤਾ ਗੁਰੂ ਜੀ ਵੱਲੋਂ ਆਰੰਭੀ ਤਾਲ ਦੀ ਸੇਵਾ ਨੂੰ ਜਾਰੀ ਰੱਖਦੇ ਹੋਏ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਨ ਦਾ ਹੁਕਮ ਦੇ ਦਿੱਤਾ। ਭਾਈ ਭਗਤੂ ਜੀ, ਭਾਈ ਪੈੜਾ ਜੀ, ਭਾਈ ਬੰਨੋ ਜੀ, ਭਾਈ ਬਹਿਲੋ ਜੀ ਅਤੇ ਭਾਈ ਸਾਲ੍ਹੋ ਜੀ ਦੀ ਇੱਟਾਂ ਤਿਆਰ ਕਰਨ ਦੀ ਡਿਊਟੀ ਲਗਾਈ ਗਈ। ਹੁਕਮ ਅਨੁਸਾਰ ਕੰਮ ਹੋਣਾ ਵੀ ਸ਼ੁਰੂ ਹੋ ਗਿਆ। ਪਰ ਕੁਝ ਦਿਨਾਂ ਬਾਅਦ ਮੀਂਹ ਦੀ ਝੜੀ ਲੱਗ ਗਈ। ਇੱਟਾਂ ਦੇ ਆਵਿਆਂ ਲਈ ਬਾਲਣ ਖਤਮ ਹੋ ਗਿਆ। ਭਾਈ ਸਾਲ੍ਹੋ ਜੀ ਨੇ ਨਾਲ ਦੇ ਪਿੰਡਾਂ ਵਿਚ ਜਾ ਕੇ ਹੋਕਾ ਦੇ ਦਿੱਤਾ ਕਿ ਗੁਰੂ ਕੇ ਤਾਲ ਲਈ ਜੋ ਵੀ ਸੁੱਕਾ ਬਾਲਣ ਜਾਂ ਇਕ ਪਾਥੀ ਦੇਵੇਗਾ, ਉਸਨੂੰ ਪੁੱਤਰ ਦੀ ਦਾਤ ਪ੍ਰਾਪਤ ਹੋਵੇਗੀ।ਇਸ ਹੋਕੇ ਨੂੰ ਸੁਣ ਕੇ ਲੋਕਾਂ ਨੇ ਤਾਂ 'ਗੁਰੂ ਕੇ ਚੱਕ' ਵਿਚ ਪਾਥੀਆਂ ਦੇ ਢੇਰ ਲਗਾ ਦਿੱਤੇ। ਗੁਰੂ ਸਾਹਿਬ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਭਾਈ ਸਾਲ੍ਹੋ ਜੀ ਦੀ ਸਕੀਮ ਤੋਂ ਪ੍ਰਸੰਨ ਤਾਂ ਬਹੁਤ ਹੋਏ ਪਰ ਨਾਲ ਹੀ ਉਹਨਾਂ ਨੂੰ ਥਾਪੜਾ ਦਿੰਦੇ ਹੋਏ ਕਿਹਾ,"ਭਾਈ ਸਾਹਿਬ ਜੀ, ਸੁਣਿਐਂ, ਤੁਸੀਂ ਪੁੱਤਰ ਬੜੇ ਸਸਤੇ ਭਾਅ ਲਾ ਦਿਤੇ?" ਫਿਰ ਅਗਲੇ ਹੀ ਪਲ ਕਿਹਾ,"ਚਲੋ ਲਾ ਦਿੱਤੇ ਤਾਂ ਲਾ ਦਿੱਤੇ, ਹੁਣ ਤੁਹਾਡਾ ਬਚਨ ਤਾਂ ਮੋੜਿਆ ਨਹੀਂ ਜਾ ਸਕਦਾ"। ਅੱਜ ਵੀ ਲੋਕੀ ਭਾਈ ਸਾਲ੍ਹੋ ਜੀ ਦੇ ਅਸਥਾਨ ਤੇ ਪਾਥੀਆਂ ਚੜ੍ਹਾ ਕੇ ਪੁੱਤਰਾਂ ਦੀ ਦਾਤ ਪ੍ਰਾਪਤ ਕਰਦੇ ਹਨ।

ਜਦੋਂ ਅੰਮ੍ਰਿਤ ਸਰੋਵਰ ਸੰਪੂਰਨ ਹੋਇਆ ਤਾਂ ਗੁਰੂ ਅਰਜਨ ਸਾਹਿਬ ਜੀ ਨੇ ਸਾਰੇ ਨਿਕਟ ਵਰਤੀ ਸਿੱਖਾਂ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਹੁਣ ਸ਼ਹਿਰ ਦੀ ਵਸੋਂ ਵਧਾਉਣ ਵੱਲ ਧਿਆਨ ਦਿੱਤਾ ਜਾਵੇ। ਵਪਾਰੀਆਂ ਅਤੇ ਕਿਰਤੀਆਂ ਨੂੰ ਬਾਹਰੋਂ ਲਿਆ ਕੇ ਵਸਾਇਆ ਜਾਵੇ। ਇਸ ਕੰਮ ਵਿਚ ਸੱਭ ਤੋਂ ਵੱਧ ਯੋਗਦਾਨ ਭਾਈ ਸਾਲ੍ਹੋ ਜੀ ਦਾ ਰਿਹਾ। ਉਹਨਾਂ ਨੇ ਬਵੰਜਾ ਤਰ੍ਹਾਂ ਦੇ ਕਾਰੀਗਰਾਂ ਨੂੰ ਪ੍ਰੇਰ ਕੇ ਰਾਮਦਾਸ ਪੁਰ ਲਿਆਂਦਾ। ਹੁਣ 'ਗੁਰੂ ਕੇ ਚੱਕ' ਨੂੰ ਰਾਮਦਾਸ ਪੁਰ ਕਿਹਾ ਜਾਣ ਲੱਗ ਗਿਆ ਸੀ। ਵਪਾਰੀਆਂ ਅਤੇ ਕਾਰੀਗਰਾਂ ਦੇ ਆਉਣ ਨਾਲ ਸ਼ਹਿਰ ਦੀ ਵੱਸੋਂ ਬਹੁਤ ਵੱਧ ਗਈ ਸੀ। ਵਪਾਰੀਆਂ ਨੇ ਆਪਣੀਆਂ ਦੁਕਾਨਾਂ ਦੇ ਥੜੇ ਬਾਹਰ ਵੱਲ ਨੂੰ ਵਧਾਉਣੇ ਸ਼ੁਰੂ ਕਰ ਦਿੱਤੇ। ਭਾਈ ਸਾਲ੍ਹੋ ਜੀ ਵੇਖ ਰਹੇ ਸਨ ਕਿ ਬਾਹਰੋਂ ਆਉਣ ਵਾਲੇ ਯਾਤਰੀਆਂ ਨੂੰ ਇਸ ਨਾਲ ਤਕਲੀਫ਼ ਹੋ ਰਹੀ ਹੈ। ਹਨ੍ਹੇਰੇ ਵਿਚ ਕਿਸੇ ਨੂੰ ਸੱਟ ਫੇਟ ਵੀ ਲੱਗ ਸਕਦੀ ਹੈ। ਉਹ ਦੂਰ ਦੀ ਵੀ ਸੋਚ ਰਹੇ ਸੀ ਕਿ ਆਉਣ ਵਾਲੇ ਸਮੇਂ ਵਿਚ ਹੋਰ ਵੀ ਤੰਗੀ ਹੋ ਜਾਵੇਗੀ। ਉਹਨਾਂ ਨੇ ਇਕ ਦਿਨ ਸੰਗਤ ਨੂੰ ਨਾਲ ਲੈ ਕੇ ਸਾਰੇ ਥੜੇ ਢਾਹ ਦਿੱਤੇ। ਭਾਈ ਸਾਲ੍ਹੋ ਜੀ ਨੂੰ ਤਾਂ ਕਿਸੇ ਦੀ ਰੋਕਣ ਦੀ ਹਿੰਮਤ ਨਾ ਹੋਈ ਪਰ ਵਪਾਰੀਆਂ ਨੇ ਅਗਲੇ ਦਿਨ ਗੁਰੂ ਸਾਹਿਬ ਜੀ ਕੋਲ ਜਾ ਕੇ ਭਾਈ ਸਾਲ੍ਹੋ ਜੀ ਦੀ ਸ਼ਿਕਾਇਤ ਕਰ ਦਿੱਤੀ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਵਪਾਰੀਆਂ ਦੇ ਸਾਹਮਣੇ ਹੀ ਬੁਲਾ ਲਿਆ। ਭਾਈ ਸਾਲ੍ਹੋ ਜੀ ਨੇ ਕਿਹਾ,"ਸੱਚੇ ਪਾਤਸ਼ਾਹ, ਆਪ ਜੀ ਜਾਣੀ ਜਾਣ ਹੋ; ਇਥੇ ਤਾਂ ਵਪਾਰ ਦੀ ਬਹੁਤ ਵੱਡੀ ਮੰਡੀ ਬਣਨੀ ਹੈ। ਆਪ ਜੀ ਦੀ ਕਿਰਪਾ ਨਾਲ ਕਰੋੜਾਂ ਦੇ ਸੌਦੇ ਹੋਣੇ

ਹਨ। ਰਸਤੇ ਤੰਗ ਨਾ ਹੋ ਜਾਣ ਇਸ ਲਈ ਸਾਰਿਆਂ ਦੀਆਂ ਦੁਕਾਨਾਂ ਦੇ ਅੱਗੇ ਬਣਾਏ ਹੋਏ ਥੜੇ ਤੋੜੇ ਗਏ ਹਨ। ਗੁਰੂ ਸਾਹਿਬ ਜੀ ਨੇ ਵਪਾਰੀਆਂ ਨੂੰ ਸਮਝਾਇਆ,"ਭਾਈ ਸਾਲ੍ਹੋ ਜੀ ਦਾ ਬਚਨ ਹਮੇਸ਼ਾਂ ਪੂਰਾ ਹੁੰਦਾ ਹੈ। ਇਹ ਤਾਂ ਤੁਹਾਡੇ ਭਲੇ ਲਈ ਹੀ ਸੋਚ ਰਹੇ ਹਨ"। ਅੱਜ ਵੇਖੋ – ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਭਾਈ ਸਾਹਿਬ ਜੀ ਦੇ ਬਚਨ ਸੱਚ ਹੋ ਰਹੇ ਹਨ। ਅੰਮ੍ਰਿਤਸਰ ਦੇ ਹਰ ਬਜ਼ਾਰ ਵਿਚ ਹਰ ਰੋਜ਼ ਕਰੋੜਾਂ ਦਾ ਵਪਾਰ ਹੋ ਰਿਹਾ ਹੈ। ਭਾਈ ਸਾਲ੍ਹੋ ਜੀ ਵੱਲੋਂ ਅੰਮ੍ਰਿਤਸਰ ਦੇ ਬਜ਼ਾਰਾਂ ਵਿਚ ਦੁਕਾਨਾਂ ਤੋਂ ਬਾਹਰ ਬਣਾਏ ਥੜਿਆਂ ਨੂੰ ਤੋੜਨ ਦੀ ਕਾਰਵਾਈ ਅਤੇ ਇਸ ਪਿੱਛੇ ਦੀ ਸੂਝ ਬੂਝ ਨੂੰ ਗੁਰੂ ਸਾਹਿਬ ਜੀ ਨੇ ਇਤਨਾ ਪਸੰਦ ਕੀਤਾ ਕਿ ਉਹਨਾਂ ਨੂੰ ਅੰਮ੍ਰਿਤਸਰ ਦਾ ਕੋਤਵਾਲ ਥਾਪ ਦਿੱਤਾ।

ਭਾਈ ਸਾਲ੍ਹੋ ਜੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਹ ਗੁਰੂ ਅਰਜਨ ਸਾਹਿਬ ਜੀ ਦੀ ਮਾਤਾ ਗੰਗਾ ਜੀ ਨਾਲ ਹੋਈ ਸ਼ਾਦੀ ਸਮੇਂ ਬਰਾਤ ਵਿਚ ਸ਼ਾਮਲ ਹੋਏ ਸਨ। ਉਹ (ਗੁਰੂ) ਹਰਗੋਬਿੰਦ ਸਾਹਿਬ ਜੀ ਦੀ ਸ਼ਾਦੀ ਸਮੇਂ ਵੀ ਬਰਾਤ ਵਿਚ ਸ਼ਾਮਲ ਸਨ। ਬਰਾਤ ਤਿੰਨ ਦਿਨ ਸੁਲਤਾਨਪੁਰ ਲੋਧੀ ਨੇੜੇ ਪੈਂਦੇ ਪਿੰਡ 'ਡੱਲੇ' ਵਿਖੇ ਰਹੀ। ਵਿਆਹ ਕਾਰਜ ਸੰਪੂਰਨ ਹੋਣ ਤੇ ਪਿੰਡ ਵਾਸੀਆਂ ਨੇ ਪਾਣੀ ਦੀ ਕਮੀ ਦਾ ਜ਼ਿਕਰ ਕਰਕੇ ਬਾਉਲੀ ਬਣਵਾਉਣ ਦੀ ਬੇਨਤੀ ਕੀਤੀ। ਧੰਨ ਗੁਰੂ ਅਰਜਨ ਸਾਹਿਬ ਜੀ ਨੇ ਬਾਉਲੀ ਦਾ ਟੱਕ ਲਗਾ ਕੇ ਪੰਜ ਇੱਟਾਂ ਆਪ ਰੱਖੀਆਂ। ਨਾਲ ਹੀ ਭਾਈ ਸਾਲ੍ਹੋ ਜੀ ਨੂੰ ਹੁਕਮ ਦਿੱਤਾ ਕਿ ਆਪ ਬਾਉਲੀ ਦੀ ਉਸਾਰੀ ਤੋਂ ਬਾਅਦ ਹੀ ਅੰਮ੍ਰਿਤਸਰ ਆਉਣਾ। ਉਹਨਾਂ ਨੇ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਬਹੁਤ ਹੀ ਜਲਦੀ ਬਾਉਲੀ ਦਾ ਨਿਰਮਾਣ ਕਰਵਾ ਦਿੱਤਾ। ਸੰਪੂਰਨਤਾ ਤੋਂ ਬਾਅਦ ਉਹ ਸਿੱਧਾ ਗੁਰੂ ਸਾਹਿਬ ਜੀ ਕੋਲ ਅੰਮ੍ਰਿਤਸਰ ਗਏ। ਗੁਰੂ ਸਾਹਿਬ ਜੀ ਨੂੰ ਬਾਉਲੀ ਤਿਆਰ ਹੋ ਜਾਣ ਬਾਰੇ ਦੱਸਿਆ। ਗੁਰੂ ਸਾਹਿਬ ਜੀ ਬਹੁਤ ਪ੍ਰਸੰਨ ਹੋਏ। ਆਪਣੇ ਕੋਲ ਬਿਠਾਇਆ ਅਤੇ ਮਹਾਨ ਭਗਤ ਹੋਣ ਦਾ ਵਰ ਬਖਸ਼ਿਆ।

ਭਾਈ ਸਾਲ੍ਹੋ ਜੀ ਐਸੇ ਬ੍ਰਹਮ ਗਿਆਨੀ ਗੁਰਸਿੱਖ ਸਨ ਜਿਹਨਾਂ ਦੀ ਮਹਾਨਤਾ ਦੀਆਂ ਬਹੁਤ ਸਾਰੀਆਂ ਕਥਾਵਾਂ ਹਨ ਪਰ ਅਸੀਂ ਇਥੇ ਕੇਵਲ ਦੋ ਦਾ ਜ਼ਿਕਰ ਕਰਾਂਗੇ। ਇਕ ਵਾਰੀ ਲੰਗਰ ਵਿਚ ਇਕ ਜੋਗੀ ਆ ਗਿਆ। ਇਸ ਕੋਲ ਇਕ ਕਰਾਮਾਤੀ ਕਰਮੰਡਲ ਸੀ। ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਜੋ ਮਰਜ਼ੀ ਪਾਈ ਜਾਓ ਇਹ ਭਰਦਾ ਨਹੀਂ ਸੀ। ਇਹ ਕਰਮੰਡਲ ਤਾਂ ਭਰਦਾ ਨਹੀਂ ਸੀ ਪਰ ਜੋਗੀ ਪੂਰਾ ਹਉਮੈਂ ਨਾਲ ਭਰਿਆ ਪਿਆ ਸੀ। ਜਦੋਂ ਇਸ ਨੇ ਗੁਰੂ ਘਰ ਦੇ ਲੰਗਰ ਵਿਚ ਕਦਮ ਰੱਖਿਆ ਹੀ ਸੀ ਤਾਂ ਇਸ ਨੇ ਉਸੇ ਸਮੇਂ ਤੋਂ ਸ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਸੀ ਕਿ ਸਿੱਖ ਗੁਰੂ ਕੇ ਲੰਗਰ ਦੀ ਬਹੁਤ ਮਹਾਨਤਾ ਦੱਸਦੇ ਹਨ ਕਿ ਇਥੋਂ ਕੋਈ ਖਾਲੀ ਨਹੀਂ ਜਾਂਦਾ। ਅੱਜ ਦੇਖਦੇ ਹਾਂ ਕਿ ਇਕ ਜੋਗੀ ਦਾ ਕਰਮੰਡਲ ਭਰ ਸਕਦਾ ਹੈ ਕਿ ਨਹੀਂ। ਉਸ ਨੇ ਹੰਕਾਰ ਨਾਲ ਭਰੇ ਬੋਲ ਵੀ ਬੋਲੇ ਕਿ ਅੱਜ ਗੁਰੂ ਦੇ ਸਾਰੇ ਪਤੀਲਿਆਂ ਅਤੇ ਜੋਗੀ ਦੇ ਇਕ ਕਰਮੰਡਲ ਦਾ ਮੁਕਾਬਲਾ ਹੈ। ਜੋਗੀ ਆਇਆ ਵੀ ਜਾਣ ਬੁੱਝ ਕੇ ਰਾਤ ਨੂੰ ਸੀ ਕਿਉਂਕਿ ਸਾਰੀ ਸੰਗਤ ਲੰਗਰ ਛੱਕ ਚੁੱਕੀ ਸੀ। ਸੇਵਾਦਾਰ ਜੋਗੀ ਦੀਆਂ ਗੱਲਾਂ ਸੁਣ ਕੇ ਪ੍ਰੇਸ਼ਾਨ ਹੋ ਰਿਹਾ ਸੀ। ਉਸ ਨੇ ਭਾਈ ਸਾਲ੍ਹੋ ਜੀ ਨੂੰ ਬੁਲਾ ਲਿਆ। ਸੇਵਾਦਾਰ ਨੇ ਭਾਈ ਸਾਹਿਬ ਜੀ

ਨੂੰ ਸਾਰੀ ਗੱਲ ਦੱਸੀ। ਭਾਈ ਸਾਲ੍ਹੋ ਜੀ ਨੇ ਧੰਨ ਗੁਰੂ ਰਾਮ ਦਾਸ ਜੀ ਦਾ ਧਿਆਨ ਧਰਕੇ ਮੂਲ ਮੰਤਰ ਪੜ੍ਹਦੇ ਹੋਏ ਪਤੀਲੇ ਵਿਚੋਂ ਦਾਲ ਦੀ ਬਾਲਟੀ ਭਰ ਲਈ। ਦੂਜੀ ਬਾਲਟੀ ਵਿਚ ਚਾਵਲ ਪਾ ਲਏ। ਭਾਈ ਸਾਲ੍ਹੋ ਜੀ ਦੋਵੇਂ ਬਾਲਟੀਆਂ ਜੋਗੀ ਕੋਲ ਲੈ ਗਏ। ਉਹਨਾਂ ਨੇ ਜੋਗੀ ਨੂੰ ਕਿਹਾ ਕਿ ਭਾਈ ਤੇਰਾ ਭਾਂਡਾ ਤਾਂ ਬਹੁਤ ਛੋਟਾ ਹੈ ਪਹਿਲਾਂ ਚਾਵਲ ਪਾਵਾਂ ਕਿ ਦਾਲ। ਜੋਗੀ ਨੇ ਕਿਹਾ ਕਿ ਬਾਬਾ, ਆਪਣੇ ਗੁਰੂ ਨੂੰ ਸੱਦ ਲੈ, ਅੱਜ ਇਹ ਛੋਟਾ ਭਾਂਡਾ ਤੇਰੇ ਤੋਂ ਨਹੀਂ ਭਰਨਾ। ਭਾਈ ਸਾਲ੍ਹੋ ਜੀ ਨੇ ਨਿਮਰਤਾ ਨਾਲ ਕਿਹਾ,"ਜੋਗੀ ਜੀ ਇਹ ਧੰਨ ਗੁਰੂ ਰਾਮ ਦਾਸ ਜੀ ਦਾ ਦਰਬਾਰ ਹੈ। ਇਥੇ ਹਰ ਸਮੇਂ ਗੁਰੂ ਸਾਹਿਬ ਜੀ ਹਾਜ਼ਰ ਰਹਿੰਦੇ ਹਨ; ਤੁਸੀਂ ਦੱਸੋ, ਦਾਲ ਪਾਵਾਂ ਕਿ ਚਾਵਲ ਪਾਵਾਂ। ਜੋਗੀ ਕਹਿਣ ਲੱਗਾ,'ਪਹਿਲਾਂ ਦਾਲ ਹੀ ਪਾ ਦੇ ਬਾਬਾ'। ਭਾਈ ਸਾਹਿਬ ਜੀ ਨੇ ਬਾਲਟੀ ਵਿਚੋਂ ਦਾਲ ਦੀ ਇਕ ਕੜਛੀ ਹੀ ਜੋਗੀ ਦੇ ਕਰਮੰਡਲ ਵਿਚ ਪਾਈ ਕਿ ਉਹ ਨੱਕੋ ਨੱਕ ਭਰ ਗਿਆ ਅਤੇ ਦਾਲ ਬਾਹਰ ਡੁੱਲਣ ਲੱਗ ਗਈ। ਜੋਗੀ ਨੇ ਕਰਮੰਡਲ ਚੁੱਕ ਕੇ ਵੇਖਿਆ ਕਿ ਕਿਤੇ ਇਹ ਬਦਲ ਤਾਂ ਨਹੀਂ ਦਿੱਤਾ ਗਿਆ। ਪਰ ਕਰਮੰਡਲ ਤਾਂ ਉਹੀ ਸੀ। ਜੋਗੀ ਬਹੁਤ ਸ਼ਰਮਿੰਦਾ ਹੋਇਆ। ਭਾਈ ਸਾਲ੍ਹੋ ਜੀ ਨੇ ਕਿਹਾ,'ਭਾਈ, ਤੂੰ ਪਤੀਲਿਆਂ ਦੀ ਗੱਲ ਕਰਦਾ ਸੀ, ਤੇਰਾ ਭਾਂਡਾ ਤਾਂ ਗੁਰੂ ਘਰ ਦੇ ਲੰਗਰ ਦੀ ਅੱਧੀ ਕੜਛੀ ਨਾਲ ਹੀ ਭਰ ਗਿਆ। ਬਾਅਦ ਵਿਚ ਭਾਈ ਸਾਲ੍ਹੋ ਜੀ ਨੇ ਸਮਝਾਇਆ ਕਿ ਧਾਰਮਿਕ ਵਿਅਕਤੀਆਂ ਨੂੰ ਹਉਮੈਂ ਵਾਲੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਹ ਗੁਰੂ ਰਾਮ ਦਾਸ ਜੀ ਦਾ ਦਰਬਾਰ ਹੈ, ਇਥੋਂ ਜੋ ਮੰਗੋ, ਉਹ ਮਿਲਦਾ ਹੈ। ਦਾਲ ਫੁਲਕੇ ਦਾ ਪ੍ਰਬੰਧ ਤਾਂ ਪ੍ਰਭੂ ਨੇ ਪੱਥਰ ਵਿਚ ਵਸਦੇ ਕੀੜਿਆਂ ਦਾ ਵੀ ਕੀਤਾ ਹੋਇਆ ਹੈ। ਭਾਈ ਸਾਲ੍ਹੋ ਜੀ ਦੇ ਬਚਨਾਂ ਦਾ ਉਸ ਜੋਗੀ ਤੇ ਐਸਾ ਅਸਰ ਹੋਇਆ ਕਿ ਉਹ ਉਥੇ ਰੋਜ਼ ਆ ਕੇ ਜੂਠੇ ਬਰਤਨਾਂ ਦੀ ਸੇਵਾ ਕਰਦਾ ਰਿਹਾ।

ਲੋਹਗੜ੍ਹ ਦਰਵਾਜ਼ੇ ਦੇ ਕੋਲ ਬਾਹਰਵਾਰ ਇਕ ਅਲਮਸਤ ਫ਼ਕੀਰ ਸਈਅਦ ਫਤਿਹ ਸ਼ਾਹ ਬੁਖਾਰੀ ਦਾ ਡੇਰਾ ਸੀ। ਇਹ ਭਾਈ ਸਾਲ੍ਹੋ ਜੀ ਦੀ ਰਿਹਾਇਸ਼ ਦੇ ਨੇੜੇ ਹੀ ਪੈਂਦਾ ਸੀ। ਬੁਖਾਰੀ ਜੀ ਦੀ ਭਾਈ ਸਾਲ੍ਹੋ ਜੀ ਨਾਲ ਦੋਸਤੀ ਸੀ। ਉਹ ਕਦੇ ਕਦੇ ਭਾਈ ਸਾਹਿਬ ਜੀ ਕੋਲ ਆ ਜਾਂਦੇ ਸਨ ਅਤੇ ਅਧਿਆਤਮਕ ਵਿਚਾਰਾਂ ਕਰਦੇ ਰਹਿੰਦੇ ਸਨ। ਇਕ ਦਿਨ ਦੇਰ ਰਾਤ ਨੂੰ ਸਈਅਦ ਜੀ ਦੋ ਤਿੰਨ ਸੇਵਕਾਂ ਨੂੰ ਨਾਲ ਲੈ ਕੇ ਭਾਈ ਸਾਲ੍ਹੋ ਜੀ ਕੋਲ ਆਏ ਅਤੇ ਕਿਹਾ ਕਿ ਡੇਰੇ ਤੇ ਬਹੁਤ ਸਾਰੇ ਮੁਰੀਦ ਆ ਗਏ ਹਨ। ਦੁੱਧ ਦੀ ਲੋੜ ਹੈ। ਭਾਈ ਸਾਹਿਬ ਜੀ ਨੇ ਕਿਹਾ ਕਿ ਇਸ ਸਮੇਂ ਦੁੱਧ ਤਾਂ ਨਹੀਂ ਹੈ। ਤੁਸੀਂ ਇਹ ਬੱਕਰੀ ਲੈ ਜਾਓ। ਇਸ ਦੇ ਦੁੱਧ ਨਾਲ ਤੁਹਾਡਾ ਕੰਮ ਚੱਲ ਜਾਵੇਗਾ। ਬੁਖਾਰੀ ਜੀ ਨੇ ਬੱਕਰੀ ਅਤੇ ਸੇਵਕਾਂ ਨੂੰ ਡੇਰੇ ਭੇਜ ਦਿੱਤਾ ਅਤੇ ਆਪ ਦੁੱਧ ਦਾ ਇੰਤਜ਼ਾਮ ਕਰਨ ਲਈ ਚਲੇ ਗਏ। ਇਹ ਸੋਚਿਆ ਕਿ ਭਾਈ ਸਾਲ੍ਹੋ ਜੀ ਨੇ ਮਜ਼ਾਕ ਕੀਤਾ ਹੈ। ਡੇਰੇ ਜਾ ਕੇ ਸੇਵਕਾਂ ਨੇ ਬੱਕਰੀ ਨੂੰ ਚੋਣਾ ਸ਼ੁਰੂ ਕੀਤਾ ਤਾਂ ਸਾਰੇ ਭਾਂਡੇ ਦੁੱਧ ਨਾਲ ਭਰ ਗਏ। ਜਦੋਂ ਸੇਵਕਾਂ ਨੇ ਬੁਖਾਰੀ ਜੀ ਨੂੰ ਲੱਭ ਕੇ ਦੱਸਿਆ ਕਿ ਬੱਕਰੀ ਨੇ ਤਾਂ ਸਾਰੇ ਭਾਂਡੇ ਭਰ ਦਿੱਤੇ ਹਨ। ਬੁਖਾਰੀ ਜੀ ਬਹੁਤ ਸ਼ਰਮਿੰਦਾ ਹੋਏ। ਅਗਲੇ ਦਿਨ ਬੁਖਾਰੀ ਜੀ ਨੇ ਭਾਈ ਸਾਲ੍ਹੋ ਜੀ ਤੋਂ ਮੁਆਫ਼ੀ ਮੰਗੀ ਤੇ ਕਿਹਾ ਕਿ ਮੈਂ ਤਾਂ ਸੋਚਿਆ ਸੀ ਤੁਸੀਂ ਮਜ਼ਾਕ ਕੀਤਾ ਹੈ। ਭਾਈ ਸਾਲ੍ਹੋ ਜੀ ਨੇ ਕਿਹਾ ਕਿ ਸਈਅਦ ਜੀ ਅਸੀਂ ਤਾਂ ਕਦੇ ਅਲਾਹ ਦੇ ਬੰਦਿਆਂ ਨਾਲ ਵੀ ਮਜ਼ਾਕ ਨਹੀ ਕੀਤਾ ਤੁਸੀਂ ਤਾਂ ਫਿਰ ਵੀ ਅਲਾਹ ਦੇ ਭਗਤ ਹੋ।

ਧੰਨ ਗੁਰੂ ਅਰਜਨ ਸਾਹਿਬ ਜੀ ਆਪਣੀ ਮੌਜ ਵਿਚ ਕਦੇ ਕਦੇ ਆਪਣੇ ਮਹਿਲਾਂ ਵਿਚੋਂ ਉਠ ਕੇ ਭਾਈ ਸਾਲ੍ਹੋ ਜੀ ਦੇ ਨਿਵਾਸ ਤੇ ਚਲੇ ਜਾਂਦੇ। ਜਦੋਂ ਵੀ ਗੁਰੂ ਸਾਹਿਬ ਜੀ ਆਏ, ਭਾਈ ਸਾਹਿਬ ਜੀ ਆਪਣੇ ਘਰ ਦੇ ਖੂਹ ਤੋਂ ਪਾਣੀ ਭਰ ਕੇ ਰਾਹੀਆਂ ਨੂੰ ਪਾਣੀ ਪਿਲਾ ਰਹੇ ਹੁੰਦੇ। ਗੁਰੂ ਸਾਹਿਬ ਜੀ ਨੇ ਇਕ ਦਿਨ ਕਿਹਾ ਕਿ ਸਾਰਾ ਦਿਨ ਤਾਂ ਆਪ ਗੁਰੂ ਘਰ ਸੇਵਾ ਕਰਦੇ ਹੋ। ਸਤਿਸੰਗ ਕਰਦੇ ਹੋ। ਨਿਤਨੇਮ ਕਰਦੇ ਹੋ। ਫਿਰ ਸਾਡੇ ਮਹਿਲਾਂ ਵਿਚ ਸੇਵਾ ਵੀ ਕਰਦੇ ਹੋ। ਕੁਝ ਆਰਾਮ ਵੀ ਕਰ ਲਿਆ ਕਰੋ। ਭਾਈ ਸਾਲ੍ਹੋ ਜੀ ਨੇ ਕਿਹਾ,"ਗੁਰੂ ਘਰ ਦੀ ਸੇਵਾ ਨਾਲ ਕਦੇ ਵੀ ਥਕਾਵਟ ਨਹੀਂ ਹੁੰਦੀ, ਸੱਚੇ ਪਾਤਸ਼ਾਹ"। ਗੁਰੂ ਸਾਹਿਬ ਜੀ ਨੇ ਕਿਹਾ,"ਆਪ ਧੰਨ ਹੋ ਭਾਈ ਸਾਲ੍ਹੋ ਜੀ। ਤੁਹਾਡੇ ਤੇ ਪਿਤਾ ਗੁਰੂ ਜੀ ਦੀ ਅਪਾਰ ਕਿਰਪਾ ਹੈ"। ਇਕ ਦਿਨ ਗੁਰੂ ਸਾਹਿਬ ਜੀ ਨੇ ਕਿਹਾ ਕਿ ਆਪ ਦੇ ਘਰ ਦੇ ਨੇੜੇ ਨੀਵੀਂ ਥਾਂ ਤੇ ਜੋ ਪਾਣੀ ਖੜਾ ਰਹਿੰਦਾ ਹੈ, ਇਥੇ ਵੀ ਸਰੋਵਰ ਬਣਾ ਦੇਈਏ। ਭਾਈ ਸਾਲ੍ਹੋ ਜੀ ਨੇ ਕਿਹਾ ਸਤਿਗੁਰੂ ਜੀ ਸਰੋਵਰ ਤਾਂ ਗੁਰੂ ਘਰ ਵਿਚ ਹੀ ਸੋਭਦੇ ਹਨ। ਇਸ ਨੂੰ ਟੋਭਾ ਹੀ ਰਹਿਣ ਦਿਓ। ਗੁਰੂ ਸਾਹਿਬ ਜੀ ਨੇ ਉਹਨਾਂ ਦੀ ਨਿਮਰਤਾ ਨੂੰ ਵੇਖਦੇ ਹੋਏ ਉਹਨਾਂ ਦੇ ਟੋਭੇ ਨੂੰ ਵਰ ਦਿੱਤਾ ਕਿ ਸ਼ਰਧਾ ਨਾਲ ਜੋ ਮਾਪੇ ਸੋਕੇ ਦੇ ਰੋਗ ਨਾਲ ਪੀੜਿਤ ਬੱਚਿਆਂ ਨੂੰ ਇਥੇ ਇਸ਼ਨਾਨ ਕਰਾਉਣਗੇ। ਉਹਨਾਂ ਨੂੰ ਇਸ ਰੋਗ ਤੋਂ ਮੁਕਤੀ ਮਿਲ ਜਾਵੇਗੀ। ਗੁਰੂ ਸਾਹਿਬ ਜੀ ਦੇ ਇਹ ਬਚਨ ਹੁਣ ਵੀ ਸੱਚ ਹੋ ਰਹੇ ਹਨ।

ਭਾਈ ਸਾਲ੍ਹੋ ਜੀ ਅਥਾਹ ਸੇਵਾ ਕਰਦੇ ਸੇਵਾ ਦਾ ਹੀ ਰੂਪ ਹੋ ਗਏ ਸਨ। ਗੁਰੂ ਅਰਜਨ ਸਾਹਿਬ ਜੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਵੀ ਭਾਈ ਸਾਲ੍ਹੋ ਜੀ ਨੂੰ ਬਹੁਤ ਪਿਆਰ ਕਰਦੇ ਸਨ। ਗੁਰੂ ਘਰ ਦੀ ਸੇਵਾ ਕਰਦੇ ਕਰਦੇ ਉਹ 24 ਸਤੰਬਰ 1628 ਈਸਵੀ ਨੂੰ ਸਰੀਰ ਰੂਪੀ ਚੋਲਾ ਛੱਡ ਕੇ ਪ੍ਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਭਾਈ ਸਾਲ੍ਹੋ ਜੀ ਦਾ ਆਪਣੇ ਹੱਥੀਂ ਸਸਕਾਰ ਕੀਤਾ।

ਪਿਆਰ ਨਾਲ ਬੋਲੋ ਜੀ:

ਧੰਨ ਗੁਰੂ ਰਾਮਦਾਸ ਸਾਹਿਬ ਜੀ

ਧੰਨ ਭਾਈ ਸਾਲ੍ਹੋ ਜੀ

*********************

# ਭਾਈ ਬਿਧੀ ਚੰਦ

ਗਰਮੀਆਂ ਦਾ ਮੌਸਮ ਹੈ। ਸੂਰਜ ਤਪਾ ਰਿਹਾ ਹੈ। ਜੇਠ ਹਾੜ ਦੀਆਂ ਗਰਮੀਆਂ ਹਨ। ਸਮਾਂ ਹੈ ਕੋਈ ਦੁਪਹਿਰ ਦੇ ਦੋ ਕੁ ਵਜੇ ਦਾ। ਪਿੰਡ ਦਾ ਨਾਮ ਹੈ ਭੈਣੀ। ( ਹੁਣ ਚੋਹਲਾ ਸਾਹਿਬ ) ਲੋਕ ਆਪੋ ਆਪਣੇ ਘਰੀਂ ਵੜੇ ਹੋਏ ਹਨ। ਇਕ ਸਾਢੇ ਛੇ ਫੁੱਟ ਕੱਦ ਦਾ ਜੁਆਨ, ਜਿਸ ਨੇ ਸਿਰ ਤੇ ਪਟਕਾ ਜਿਹਾ ਬੰਨਿਆ ਹੋਇਆ ਹੈ, ਪਿੰਡ ਦੇ ਬਾਹਰ ਵਾਰ ਬਣੀ ਇਕ ਕੁਟੀਆ ਦਾ ਦਰਵਾਜ਼ਾ ਖੜਕਾਉਂਦਾ ਹੈ। ਅੰਦਰੋਂ ਇਕ ਦੁੱਧ ਚਿੱਟੇ ਬਸਤਰਾਂ ਵਾਲਾ ਬਜ਼ੁਰਗ ਦਰਵਾਜ਼ਾ ਖੋਲਦਾ ਹੈ, ਜਿਸਦੇ ਚਿਹਰੇ ਤੇ ਰੁਹਾਨੀ ਚਮਕ ਹੈ। ਦਰਵਾਜ਼ਾ ਖੁੱਲਣ ਸਾਰ ਬਾਹਰ ਖੜਾ ਬੰਦਾ, ਜੋ ਘਬਰਾਇਆ ਹੋਇਆ ਹੈ, ਹੱਥ ਜੋੜ ਬੇਨਤੀ ਕਰਦਾ ਹੈ,"ਬਚਾ ਲੈ ਬਾਬਾ, ਮੈਨੂੰ ਅੱਜ ਬਚਾ ਲੈ" ਕੋਈ ਸੁਆਲ ਕੀਤੇ ਬਿਨਾ ਹੀ ਉਹ ਉਸ ਜੁਆਨ ਨੂੰ ਅੰਦਰ ਲੈ ਜਾਂਦੇ ਹਨ ਅਤੇ ਪੁੱਛਦੇ ਹਨ,"ਹਾਂ ਭਾਈ, ਬੋਲ ਕੀ ਤਕਲੀਫ ਹੈ ਤੈਂਨੂੰ?" ਥੋੜੀ ਰਾਹਤ ਮਹਿਸੂਸ ਕਰਦਿਆਂ ਜੁਆਨ ਬੋਲਦਾ ਹੈ,"ਮੈਂ ਇਕ ਚੋਰ ਹਾਂ। ਨਾਲ ਦੇ ਪਿੰਡੋਂ ਮੈਂ ਕੁਝ ਮਹੀਆਂ (ਮੱਝਾਂ) ਖੋਲ ਕੇ ਲੈ ਆਇਆ ਹਾਂ, ਜੋ ਇਥੇ ਸਾਹਮਣੇ ਛੱਪੜ ਵਿਚ ਵਾੜੀਆਂ ਹਨ। ਪਰ ਪਿੰਡ ਦੇ ਲੋਕਾਂ ਨੂੰ ਪਤਾ ਲੱਗ ਗਿਆ ਹੈ। ਉਹ ਕਿਰਪਾਨਾਂ ਡਾਂਗਾਂ ਲੈ ਕੇ ਮੈਨੂੰ ਮਾਰਨ ਲਈ ਆ ਰਹੇ ਹਨ। ਤੁਸੀਂ ਕਿਰਪਾ ਕਰਕੇ ਮੈਨੂੰ ਬਚਾ ਲਓ"। ਆਪਣੇ ਬਚਾ ਲਈ ਬੇਨਤੀ ਕਰਨ ਵਾਲੇ ਬੰਦੇ ਦਾ ਨਾਮ ਹੈ ਬਿਧੀ ਚੰਦ। ਬਿਧੀ ਚੰਦ ਦਾ ਜਨਮ ਪਿੰਡ ਸੁਰ ਸਿੰਘ ਵਿਚ ਹੋਇਆ। ਲੋਕ ਬਿਧੀਆ ਕਹਿ ਕੇ ਬੁਲਾਉਂਦੇ ਹਨ। ਪਿਤਾ ਦਾ ਨਾਮ ਹੈ ਵੱਸਣ ਸਿੰਘ, ਜੋ ਛੀਨੇ ਗੋਤ ਦੇ ਜੱਟ ਹਨ। ਬਿਧੀਆ ਵੱਡਾ ਕਦਾਵਰ ਤੇ ਦਲੇਰ ਹੈ, ਪਰ ਹੁਣ ਨਿਹੱਥਾ ਹੈ। ਨਾਨਕੇ ਇਸ ਦੇ ਸਰਹਾਲੀ ਪਿੰਡ ਵਿਚ ਹਨ। ਜਿਥੇ ਕੁਝ ਦੇਰ ਰਹਿਣ ਕਰਕੇ ਇਹ ਬੁਰੀ ਸੰਗਤ ਵਿਚ ਪੈ ਗਿਆ ਹੈ। ਜਿਥੋਂ ਇਸਨੂੰ ਚੋਰੀ ਦੀ ਆਦਤ ਪੈ ਗਈ ਹੋਈ ਹੈ।

ਬਜ਼ੁਰਗ ਬਾਬੇ ਦਾ ਨਾਮ ਹੈ ਭਾਈ ਅਦਲੀ। ਭਾਈ ਅਦਲੀ ਜੀ ਗੁਰੂ ਅਰਜਨ ਸਾਹਿਬ ਜੀ ਦੇ ਕਮਾਈ ਵਾਲੇ ਸਿੱਖ ਹਨ। ਨਾਮ ਬਾਣੀ ਨਾਲ ਰੰਗੀ ਹੋਈ ਆਤਮਾ ਅਤੇ ਪੂਰਨ ਅਭਿਆਸੀ। ਇਹ ਗੁਰੂ ਰਾਮ ਦਾਸ ਜੀ ਦੇ ਸਮੇਂ ਸਿੱਖੀ ਵਿਚ ਆਏ ਸਨ। ਉਦੋਂ ਤੋਂ ਹੀ ਗੁਰੂ ਘਰ ਨਾਲ ਜੁੜ ਕੇ ਗੁਰਮਤਿ ਦੇ ਧਾਰਨੀ ਹਨ। ਭਾਈ ਅਦਲੀ ਜੀ ਨੇ ਕਿਹਾ,"ਧੰਨ ਗੁਰੂ ਅਰਜਨ ਸਾਹਿਬ ਜੀ ਦਾ ਫ਼ੁਰਮਾਨ ਹੈ:

"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ "(ਪਾਵਨ ਅੰਗ 544)

ਗੁਰੂ ਜੀ ਨੇ ਖੇਲ ਕਰਕੇ ਤੈਨੂੰ ਆਪਣੇ ਗਲੇ ਨਾਲ ਲਗਾਉਣ ਲਈ ਮੇਰੇ ਕੋਲ ਭੇਜਿਆ ਹੈ। ਤੂੰ ਬੈਠ ਜਾ ਚੌਂਕੜਾ ਲਾਕੇ। ਚਿੱਤ ਜੋੜ ਧੰਨ ਗੁਰੂ ਅਰਜਨ ਸਾਹਿਬ ਜੀ ਦੇ ਚਰਨਾਂ ਵਿਚ। ਸਿਮਰਨ ਕਰ ਵਾਹਿਗੁਰੂ ਦਾ। ਨਾਲੇ ਕਰ ਤੌਬਾ ਅੱਗੇ ਤੋਂ ਮਾੜੀ ਸੰਗਤ ਦੀ"

ਮਰਦਾ ਕੀ ਨਾ ਕਰਦਾ। ਭਾਈ ਅਦਲੀ ਜੀ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਬਿਧੀ ਚੰਦ ਇਸੇ ਤਰ੍ਹਾਂ ਕਰਨ ਲੱਗ ਪਿਆ। ਸੱਭ ਜਾਣਦੇ ਹਨ, ਦੁੱਖ ਵਿਚ ਫਸਿਆ ਮਨੁੱਖ ਛੇਤੀ ਰੱਬ ਨੂੰ ਧਿਆਉਣ ਲੱਗ ਜਾਂਦਾ ਹੈ। ਭਾਂਵੇਂ ਉਹ ਰੱਬ ਨੂੰ ਮੰਨੇ ਭਾਂਵੇਂ ਨਾ। ਸੋਚਦਾ ਇਹੀ ਹੈ ਕਿ ਸ਼ਾਇਦ ਰੱਬ ਸਹਾਇਤਾ ਤੇ ਹੀ

ਆ ਜਾਵੇ। ਪਰ ਬਿਧੀ ਚੰਦ ਦਾ ਤਾਂ ਗੁਰੂ ਸਾਹਿਬ ਜੀ ਨੇ ਜੀਵਨ ਬਦਲਨਾ ਸੀ। ਉਸਦੀ ਬੇਨਤੀ ਸੁਣੀ ਗਈ। ਗੁਰੂ ਜੀ ਨੇ ਉਸ ਦੀ ਲਾਜ ਰੱਖੀ। ਕ੍ਰਿਸ਼ਮਾ ਇਸ ਤਰ੍ਹਾਂ ਹੋਇਆ, ਜੋ ਲੋਕ ਉਸ ਦੇ ਪਿੱਛੇ ਆ ਰਹੇ ਸਨ। ਉਹਨਾਂ ਨੇ ਆ ਕੇ ਭਾਈ ਅਦਲੀ ਜੀ ਨੂੰ ਪੁੱਛਿਆ ਕਿ ਇਧਰੋਂ ਕੋਈ ਬੰਦਾ ਮੱਝਾਂ ਲੈ ਕੇ ਨਿਕਲਦਾ ਦੇਖਿਆ ਹੈ? ਸਾਡੀਆਂ ਮੱਝਾਂ ਉਸ ਨੇ ਚੋਰੀ ਕੀਤੀਆਂ ਹਨ। ਭਾਈ ਅਦਲੀ ਜੀ ਨੇ ਬਹੁਤ ਹੀ ਨਿਮਰਤਾ ਨਾਲ ਕਿਹਾ,"ਅੱਗੇ ਜਾਂਦਾ ਤਾਂ ਕੋਈ ਨਹੀਂ ਵੇਖਿਆ, ਐਹ ਸਾਹਮਣੇ ਛੱਪੜ ਵਿਚ ਕੁਝ ਮੱਝਾਂ ਇਸ ਬੰਦੇ ਨੇ ਵਾੜੀਆਂ ਹਨ। ਇਹਨਾਂ ਵਿਚੋਂ ਆਪਣੀਆਂ ਪਛਾਣ ਲਓ"।"ਇਹਨਾਂ ਵਿਚ ਸਾਡੀਆਂ ਨਹੀਂ ਹਨ। ਇਹ ਤਾਂ ਭੂਰੀਆਂ ਹਨ। ਸਾਡੀਆਂ ਮੱਝਾਂ ਤਾਂ ਕਾਲੀਆਂ ਹਨ"। ਆਏ ਲੋਕ ਸਾਰੇ ਇਕੱਠੇ ਹੀ ਬੋਲੇ, ਅਤੇ ਵਾਪਸ ਮੁੜ ਗਏ। ਇਲਾਕੇ ਦੇ ਲੋਕ ਭਾਈ ਅਦਲੀ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਉਹਨਾਂ ਨੇ ਬਿਧੀ ਚੰਦ ਵੱਲ ਵੇਖਿਆ ਵੀ ਨਾ। ਓਧਰ ਲੋਕੀਂ ਵਾਪਸ ਮੁੜੇ ਤੇ ਏਧਰ ਬਿਧੀਆ ਬਾਹਰ ਨੂੰ ਦੌੜਿਆ। ਕਾਲੀਆਂ ਮੱਝਾਂ ਭੂਰੀਆਂ ਹੋਈਆਂ ਦੇਖਣ ਲਈ। ਆਪਣੇ ਅੱਖੀਂ ਕੌਤਕ ਵੇਖ ਕੇ ਉਸੇ ਤਰ੍ਹਾਂ ਦੌੜਿਆ ਆਇਆ। ਹੈਰਾਨ ਪ੍ਰੇਸ਼ਾਨ ਹੈ– ਇਕ ਸਿੱਖ ਦੀ ਸ਼ਕਤੀ ਵੇਖ ਕੇ। ਸੋਚਿਆ – ਗੁਰੂ ਜੀ ਕਿੰਨੇ ਸ਼ਕਤੀਵਾਨ ਹੋਣਗੇ? ਆਉਂਦੇ ਸਾਰ ਭਾਈ ਅਦਲੀ ਜੀ ਦੇ ਪੈਰਾਂ ਤੇ ਸਿਰ ਰੱਖ ਦਿੱਤਾ। ਮੂੰਹ ਤੋਂ ਆਪ ਮੁਹਾਰੇ ਧੰਨ ਗੁਰੂ ਅਰਜਨ ਸਾਹਿਬ ਜੀ, ਧੰਨ ਗੁਰੂ ਅਰਜਨ ਸਾਹਿਬ ਜੀ ਬੋਲੀ ਜਾ ਰਿਹਾ ਹੈ। ਭਾਈ ਅਦਲੀ ਜੀ ਨੇ ਉਸ ਨੂੰ ਉਠਾਇਆ ਤੇ ਹੁਕਮ ਦਿੱਤਾ,"ਰਾਤ ਨੂੰ ਸੱਭ ਮੱਝਾਂ ਪਿੰਡ ਦੀ ਜੂਹ ਤੇ ਛੱਡ ਦੇਣੀਆਂ। ਉਹ ਆਪੋ ਆਪਣੇ ਟਿਕਾਣੇ ਤੇ ਚਲੇ ਜਾਣਗੀਆਂ। ਤੜਕੇ ਅੰਮ੍ਰਿਤ ਵੇਲੇ ਆਪਾਂ ਅੰਮ੍ਰਿਤਸਰ ਨੂੰ ਚਲਾਂਗੇ। ਧੰਨ ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿਚ ਉਹਨਾਂ ਦੇ ਦਰਸ਼ਨਾਂ ਲਈ"।

ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ ਗ੍ਰੰਥ 'ਤਵਾਰੀਖ ਗੁਰੂ ਖਾਲਸਾ' ਵਿਚ ਲਿਖਿਆ ਹੈ,"ਜਦ ਭਾਈ ਅਦਲੀ ਜੀ ਨੇ ਇਸ ਨੂੰ ਗੁਰੂ ਜੀ ਸਾਹਮਣੇ ਪੇਸ਼ ਕੀਤਾ ਤਾਂ ਇਸ ਨੇ ਆਪਣਾ ਪੇਸ਼ਾ 'ਚੋਰੀ' ਦੱਸਿਆ ਅਤੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ, ਆਪ ਮੈਨੂੰ ਆਪਣਾ ਚੋਰ ਸਿੱਖ ਹੀ ਬਣਾ ਕੇ ਰੱਖੋ"। ਗੁਰੂ ਸਾਹਿਬ ਜੀ ਉਸਦੀ ਬੇਨਤੀ ਅਤੇ ਬੇਨਤੀ ਕਰਨ ਦੇ ਢੰਗ ਉਪਰ ਹੱਸ ਪਏ। ਅੱਖਾਂ ਮੁੰਦ ਲਈਆਂ। ਕੁਝ ਦੇਰ ਅੰਤਰਯਾਮਤਾ ਦੀ ਅਵਸੱਥਾ ਵਿਚ ਰਹੇ। ਫਿਰ ਨਜ਼ਰਾਂ ਭਰ ਕੇ ਬਿਧੀ ਚੰਦ ਨੂੰ ਤੱਕਿਆ ਅਤੇ ਉਚਾਰਿਆ,"ਵਾਹਿਗੁਰੂ ਦਾ ਜਾਪ ਕਰਨਾ ਹੈ। ਪਰਉਪਕਾਰੀ ਜੀਵਨ ਬਤੀਤ ਕਰਨਾ ਹੈ। ਸੱਚ ਨੂੰ ਦ੍ਰਿੜ ਕਰਕੇ ਪੱਲੇ ਬੰਨਣਾ। ਸੰਗਤਾਂ ਦੀ ਸੇਵਾ ਕਰਨਾ। ਸੁੱਖ ਸਾਂਦ ਲਈ ਕੋਈ ਮਾੜਾ ਕੰਮ ਨਹੀਂ ਕਰਨਾ"।

ਭਾਈ ਬਿਧੀ ਚੰਦ ਨੇ ਇਹ ਬਚਨ ਆਪਣੀ ਬਾਕੀ ਰਹਿੰਦੀ ਸਾਰੀ ਉਮਰ ਕਮਾਏ। ਉਹ ਗੁਰੂ ਦਰਬਾਰ ਦੀ ਸੇਵਾ ਅਤੇ ਨਾਮ ਦੀ ਕਮਾਈ ਵਿਚ ਜੁੱਟ ਗਏ। ਕੁਝ ਸਮਾਂ ਉਹ ਸੇਵਾ ਵਿਚ ਰਹਿੰਦੇ ਅਤੇ ਕੁਝ ਸਮਾਂ ਆਪਣੇ ਪਿੰਡ ਸੁਰ ਸਿੰਘ ਚਲੇ ਜਾਂਦੇ। ਜਦੋਂ ਮੁੜ ਗੁਰੂ ਦਰਬਾਰ ਵਿਚ ਆਉਂਦੇ ਤਾਂ ਉਥੋਂ ਕੁਝ ਸੰਗਤ ਨੂੰ ਦਰਸ਼ਨਾਂ ਲਈ ਨਾਲ ਲੈ ਕੇ ਆਉਂਦੇ।

ਸਮਾਂ ਲੰਘਦਾ ਗਿਆ। ਗੁਰੂ ਘਰ ਦੇ ਆਪਣੇ ਅੰਦਰੋਂ ਅਤੇ ਗੁਰੂ ਘਰ ਦੇ ਬਾਹਰੋਂ ਦੋਖੀਆਂ ਨੇ ਆਪਣੀਆਂ ਚਾਲਾਂ ਚੱਲੀਆਂ। ਜਹਾਂਗੀਰ ਨੇ ਚੁੱਕ ਵਿਚ ਆ ਕੇ ਧੰਨ ਗੁਰੂ ਅਰਜਨ ਸਾਹਿਬ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਆਪ ਪ੍ਰਮੇਸ਼ਰ ਦਾ ਭਾਣਾ ਮੰਨਿਆਂ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਸਾਂਈ ਮੀਆਂ ਮੀਰ ਜੀ ਰਾਹੀਂ ਸਾਰੀ ਸੰਗਤ ਨੂੰ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦਾ ਤਿਲਕ ਲਗਾਇਆ। ਗੁਰੂ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਭਗਤੀ ਅਤੇ ਸ਼ਕਤੀ ਦਾ ਸੁਮੇਲ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ। ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ। ਅੱਜ ਤੋਂ ਬਾਅਦ ਵਧੀਆ ਨਸਲ ਦੇ ਘੋੜੇ ਭੇਟ ਕੀਤੇ ਜਾਣ। ਵਧੀਆ ਸ਼ਸਤਰ ਭੇਟ ਕੀਤੇ ਜਾਣ। ਤਕੜੇ ਜੁਆਨ, ਜਿਹਨਾਂ ਨੂੰ ਮਰਨ ਦਾ ਭੈ ਨਾ ਹੋਵੇ, ਆਪਣੇ ਆਪ ਨੂੰ ਭੇਟ ਕਰਨ। ਗੁਰੂ ਸਾਹਿਬ ਜੀ ਦੇ ਇਸ ਹੁਕਮਨਾਮੇ ਤੇ ਭਾਈ ਬਿਧੀ ਚੰਦ ਨੇ ਵੀ ਫੁੱਲ ਚੜ੍ਹਾਏ। ਆਪਣੇ ਪਿੰਡ ਤੋਂ 52 (ਤਾਕਤਵਰ) ਸਿਰਕੱਢ ਜੁਆਨਾਂ ਨੂੰ ਲੈ ਕੇ ਆਇਆ। ਨੱਥਾ ਅਤੇ ਅਬਦੁੱਲਾ ਦੋ ਢਾਢੀਆਂ ਨੂੰ ਵੀ ਨਾਲ ਲੈਕੇ ਆਇਆ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨਾਲ ਸਿੱਖਾਂ ਵਿਚ ਕੁਝ ਅਜੀਬ ਜਿਹੀ ਕਿਸਮ ਦੀ ਖਾਮੋਸ਼ੀ ਛਾ ਗਈ ਸੀ। ਮਾਹੌਲ ਬੈਰਾਗਮਈ ਬਣ ਗਿਆ ਸੀ। ਪਰ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਇਸ ਐਲਾਨ ਨਾਲ ਸਿੱਖ ਫਿਰ ਚੜ੍ਹਦੀ ਕਲਾ ਵਿਚ ਹੋ ਗਏ। ਦੂਜੇ ਪਾਸੇ ਜਹਾਂਗੀਰ ਨੇ ਵੀ ਆਪਣੀ ਫੌਜ ਦੀ ਭਰਤੀ ਵਿਚ ਧਾਰਮਿਕ ਨੀਤੀ ਅਪਣਾ ਕੇ ਤਬਦੀਲੀ ਕਰ ਲਈ ਅਤੇ ਪਠਾਣਾਂ ਨੂੰ ਫੌਜ ਵਿਚੋਂ ਕੱਢ ਦਿੱਤਾ। ਇਹਨਾਂ ਫੌਜ ਵਿਚੋਂ ਕੱਢੇ ਹੋਏ ਪਠਾਣਾਂ ਨੇ ਗੁਰੂ ਸਾਹਿਬ ਜੀ ਨੂੰ ਆਪਣੀਆਂ ਸੇਵਾਵਾਂ ਭੇਟ ਕਰ ਦਿਤੀਆਂ। ਮੁਸਲਮਾਨ ਹਾਕਮਾਂ ਹੱਥੋਂ ਸਤਾਏ ਹਿੰਦੂਆਂ ਨੇ ਵੀ ਮਰਨ-ਜੀਵਨ ਦੀ ਪ੍ਰਵਾਹ ਨਾ ਕਰਦੇ ਹੋਏ ਖੁਦ ਨੂੰ ਭੇਟ ਕੀਤਾ।

ਇਹਨਾਂ ਸਾਰੇ ਕਾਰਨਾਂ ਕਰਕੇ ਜੋਧਿਆਂ ਦੀ ਗਿਣਤੀ ਬਹੁਤ ਵੱਧ ਗਈ। ਗੁਰੂ ਸਾਹਿਬ ਜੀ ਨੇ ਫੌਜ ਦੀ ਨੀਤੀ ਅਪਣਾਈ। ਸਾਰੇ ਜੋਧਿਆਂ ਨੂੰ ਪੰਜ ਹਿੱਸਿਆਂ (ਜੱਥਿਆਂ) ਵਿਚ ਵੰਡ ਦਿੱਤਾ। ਭਾਈ ਲੰਗਾਹ, ਭਾਈ ਬਿਧੀ ਚੰਦ, ਭਾਈ ਪਿਰਾਣਾ, ਭਾਈ ਪਿਰਾਗਾ ਅਤੇ ਭਾਈ ਜੇਠਾ ਜੀ ਨੂੰ ਇਹਨਾਂ ਦੇ ਜੱਥੇਦਾਰ ਥਾਪਿਆ ਗਿਆ। ਇਹਨਾਂ ਸਾਰੇ ਜੱਥਿਆਂ (ਟੁਕੜੀਆਂ) ਨੂੰ ਵੱਖ ਵੱਖ ਕੰਮ ਸੌਂਪੇ ਗਏ। ਭਾਈ ਬਿਧੀ ਚੰਦ ਦੇ ਜੱਥੇ ਦੇ ਜ਼ਿੰਮੇਂ ਦੁਸ਼ਮਣ ਫੌਜ ਨੂੰ ਭਾਜੜਾਂ ਪਾਈ ਰੱਖਣ ਦੀ ਜ਼ਿਮੇਂਵਾਰੀ ਸੀ। ਗੁਰੂ ਸਾਹਿਬ ਜੀ ਵੱਲੋਂ ਉਹਨਾਂ ਦੇ ਜੱਥੇ ਨੂੰ ਗੁਰੀਲਾ ਜੰਗ ਕਰਨ ਦੀ ਕਲਾ ਵਿਚ ਮੁਹਾਰਤ ਹਾਸਲ ਕਰਨ ਦਾ ਹੁਕਮ ਮਿਲਿਆ। ਇਹ ਇਤਨੇ ਹਾਜ਼ਰ ਦਿਮਾਗ ਸਨ ਕਿ ਪਲ ਛਿਨ ਵਿਚ ਹੀ ਕੋਈ ਯੋਜਨਾ ਘੜ ਲੈਂਦੇ ਸਨ। ਇਸ ਲਈ ਸਾਰੀ ਫ਼ੌਜ ਨੂੰ ਭਾਈ ਬਿਧੀ ਚੰਦ ਜੀ ਦੀ ਅਗਵਾਈ ਵਿਚ ਜੰਗਲ ਵਿਚ ਜਾ ਕੇ ਅਭਿਆਸ ਕਰਨ ਦਾ ਹੁਕਮ ਗੁਰੂ ਸਾਹਿਬ ਜੀ ਵੱਲੋਂ ਦਿਤਾ ਗਿਆ।

ਗੁਰੂ ਘਰ ਦੇ ਦੋਖੀਆਂ ਨੇ ਬਾਦਸ਼ਾਹ ਜਹਾਂਗੀਰ ਕੋਲ ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਸ਼ਿਕਾਇਤਾਂ ਕੀਤੀਆਂ ਕਿ ਗੁਰੂ ਸਾਹਿਬ ਨੇ ਦਿੱਲੀ ਤੋਂ ਉੱਚਾ ਤਖ਼ਤ ਬਣਾ ਲਿਆ ਹੈ ਅਤੇ ਉਥੇ ਬੈਠ

ਕੇ ਰਾਜਿਆਂ ਵਾਂਗ ਫ਼ੈਸਲੇ ਕਰਦੇ ਹਨ। ਫੌਜ ਵੀ ਰੱਖੀ ਹੋਈ ਹੈ। ਇਹਨਾਂ ਸ਼ਿਕਾਇਤਾਂ ਕਾਰਨ ਬਾਦਸ਼ਾਹ ਜਹਾਂਗੀਰ ਨੇ ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਬਾਬਾ ਬੁੱਢਾ ਜੀ ਨੇ ਬਾਦਸ਼ਾਹ ਦੇ ਇਸ ਘਿਨਾਉਣੇ ਕਾਰਨਾਮੇ ਨੂੰ ਜੱਗ ਜ਼ਾਹਰ ਕਰਨ ਅਤੇ ਇਸ ਵਿਰੁਧ ਰੋਸ ਜ਼ਾਹਰ ਕਰਨ ਦਾ ਫੈਸਲਾ ਕੀਤਾ। ਉਹਨਾਂ ਨੇ ਇਕ ਸ਼ਬਦੀ ਜੱਥੇ ਨੂੰ ਤਿਆਰ ਕੀਤਾ ਅਤੇ ਆਪ ਅਗਵਾਈ ਕਰਦੇ ਹੋਏ ਅੰਮ੍ਰਿਤਸਰ ਤੋਂ ਗਵਾਲੀਅਰ ਤੱਕ ਸ਼ਬਦ ਬੋਲਦੇ ਹੋਏ ਪੈਦਲ ਗਏ। ਇਸ ਰੋਸ ਯਾਤਰਾ ਨੂੰ ਉਹਨਾਂ ਨੇ 'ਚੌਂਕੀ' ਦਾ ਨਾਮ ਦਿੱਤਾ। ਗੁਰੂ ਸਾਹਿਬ ਜੀ ਨੇ ਉਹਨਾਂ ਦੇ ਇਸ ਯਤਨ ਦੀ ਬਹੁਤ ਸ਼ਲਾਘਾ ਕੀਤੀ ਅਤੇ ਇਸ ਨੂੰ ਜਾਰੀ ਰੱਖਣ ਦਾ ਹੁਕਮ ਦਿੱਤਾ।

ਗੁਰੂ ਜੀ ਦੇ ਹੁਕਮ ਤੇ ਉਹਨਾਂ ਨੇ ਹਰ ਰੋਜ਼ ਇਕ ਸ਼ਬਦੀ ਜੱਥਾ ਗਵਾਲੀਅਰ ਵਿਖੇ ਭੇਜਣ ਦਾ ਫ਼ੈਸਲਾ ਕੀਤਾ। ਇਸ ਕੰਮ ਲਈ ਉਹਨਾਂ ਨੇ ਭਾਈ ਬਿਧੀ ਚੰਦ ਅਤੇ ਭਾਈ ਗੁਰਦਾਸ ਜੀ ਦੀਆਂ ਸੇਵਾਵਾਂ ਲਈਆਂ। ਭਾਈ ਬਿਧੀ ਚੰਦ ਨੇ ਪੂਰੀ ਯੋਜਨਾ ਤਿਆਰ ਕੀਤੀ। ਉਹਨਾਂ ਨੇ ਸਲਾਹ ਦਿਤੀ ਕਿ ਸੱਭ ਤੋਂ ਪਹਿਲਾਂ ਉਹ ਕੁਝ ਸਿੱਖਾਂ ਅਤੇ ਇਕ ਢਾਢੀ ਜੱਥੇ ਨੂੰ ਲੈ ਕੇ ਕਿਸੇ ਪਿੰਡ ਜਾਂ ਨਗਰ ਵਿਚ ਜਾਣਗੇ। ਉਥੇ ਉਹ ਜੋਸ਼ੀਲੀਆਂ ਵਾਰਾਂ ਨਾਲ ਸੰਗਤਾਂ ਨੂੰ ਇਕ ਥਾਂ ਤੇ ਇਕੱਠਾ ਕਰ ਲੈਣਗੇ। ਫਿਰ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਵਾਰੀ ਵਾਰੀ ਉਸ ਸਥਾਨ ਤੇ ਪੁੱਜ ਕੇ ਬਾਦਸ਼ਾਹ ਜਹਾਂਗੀਰ ਵੱਲੋਂ ਕੀਤੀ ਇਸ ਭੈੜੀ ਹਰਕਤ ਨੂੰ ਦੱਸਦੇ ਹੋਏ ਲੋਕਾਂ ਨੂੰ ਗਵਾਲੀਅਰ ਭੇਜਣ ਲਈ ਸ਼ਬਦੀ ਜੱਥੇ ਵਾਸਤੇ ਤਿਆਰ ਕਰਨਗੇ। ਇਤਨੀ ਦੇਰ ਵਿਚ ਉਹਨਾਂ ਦਾ ਜੱਥਾ ਅਗਲੇ ਪਿੰਡ ਜਾਕੇ ਦੀਵਾਨ ਲਗਾ ਲਵੇਗਾ। ਬਾਬਾ ਬੁੱਢਾ ਜੀ ਨੂੰ ਇਹ ਸਕੀਮ ਬਹੁਤ ਪਸੰਦ ਆਈ। ਇਸ ਤਰ੍ਹਾਂ ਉਹ ਇਕੋ ਦਿਨ ਵਿਚ 5-6 ਪਿੰਡਾਂ ਵਿਚ ਪ੍ਰਚਾਰ ਕਰ ਲੈਂਦੇ ਸਨ। ਇਸ ਸਕੀਮ ਦਾ ਹੀ ਨਤੀਜਾ ਸੀ ਕਿ ਬਾਬਾ ਬੁੱਢਾ ਜੀ ਹਰ ਦਿਨ ਅਰਦਾਸ ਕਰਕੇ ਚੌਂਕੀ ਦੇ ਰੂਪ ਵਿਚ ਇਕ ਵੱਡੇ ਜੱਥੇ ਨੂੰ ਗਵਾਲੀਅਰ ਭੇਜਦੇ ਰਹੇ।

ਭਾਈ ਬਿਧੀ ਚੰਦ ਦੀ ਦਲੇਰੀ, ਹਾਜ਼ਰ ਦਿਮਾਗੀ, ਭਰੋਸੇ ਅਤੇ ਗੁਰਬਾਣੀ ਪ੍ਰੇਮ ਨੂੰ ਵੇਖਦੇ ਹੋਏ ਉਹਨਾਂ ਨੂੰ ਇਹ ਮਾਣ ਪ੍ਰਾਪਤ ਹੋਇਆ ਕਿ ਜਦੋਂ ਗੁਰੂ ਸਾਹਿਬ ਜੀ ਗਵਾਲੀਅਰ ਤੋਂ ਰਿਹਾ ਹੋ ਕੇ ਵਾਪਸ ਆਏ ਤਾਂ ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਭਾਈ ਬਿਧੀ ਚੰਦ ਨੂੰ ਆਪਣਾ ਅੰਗ ਰਖਿੱਅਕ ਚੁਣਿਆਂ। ਉਹਨਾਂ ਨੇ ਇਹ ਡਿਊਟੀ ਬੜੀ ਚੁਸਤੀ ਦਰੁਸਤੀ ਨਾਲ ਨਿਭਾਈ। ਗੁਰੂ ਸਾਹਿਬ ਜੀ ਨਾਲ ਅੰਗ ਰਖਿੱਅਕ ਦੀ ਡਿਊਟੀ ਕਰਦੇ ਉਹ ਹਰ ਸਮੇਂ ਗੁਰਬਾਣੀ ਦਾ ਕੋਈ ਨਾ ਕੋਈ ਸ਼ਬਦ ਬੋਲਦੇ ਰਹਿੰਦੇ ਜਾਂ ਵਾਹਿਗੁਰੂ ਸਿਮਰਨ ਕਰਦੇ ਰਹਿੰਦੇ। ਇਕ ਦਿਨ ਗੁਰੂ ਸਾਹਿਬ ਜੀ ਦੇ ਆਰਾਮ ਕਰਨ ਸਮੇਂ ਜਦੋਂ ਉਹ ਪੱਖੇ ਦੀ ਸੇਵਾ ਕਰ ਰਹੇ ਸਨ ਤਾਂ ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ,'ਸੱਚੇ ਪਾਤਸ਼ਾਹ, ਪੋਥੀ ਸਾਹਿਬ ਦੀਆਂ ਬੀੜਾਂ ਬਹੁਤ ਘੱਟ ਹਨ। ਸੈਂਚੀਆਂ ਵੀ ਨਹੀਂ ਮਿਲਦੀਆਂ। ਸੰਗਤਾਂ ਨੂੰ ਗੁਰਬਾਣੀ ਪੜ੍ਹਨ ਵਿਚ ਕਾਫ਼ੀ ਔਖਿਆਈ ਹੁੰਦੀ ਹੈ'। ਗੁਰੂ ਸਾਹਿਬ ਜੀ ਨੇ ਉਸੇ ਸਮੇਂ ਬੇਨਤੀ ਮੰਨ ਕੇ ਉਹਨਾਂ ਨੂੰ ਹੁਕਮ ਕੀਤਾ ਕਿ ਆਪਣੀ ਨਿਗਰਾਨੀ ਹੇਠ ਗੁਰਬਾਣੀ ਦੀਆਂ ਸੈਂਚੀਆਂ ਤਿਆਰ ਕਰਵਾ ਕੇ ਸੰਗਤ ਵਿਚ ਵੰਡ ਦਿਉ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਦੀ ਰਿਹਾਈ ਤੋਂ ਪਿਛੋਂ ਪਛਤਾਵੇ ਵਜੋਂ ਚੰਦੂ ਨੂੰ ਉਹਨਾਂ ਦੇ ਹਵਾਲੇ ਕਰ ਦਿੱਤਾ ਤਾਂ ਗੁਰੂ ਸਾਹਿਬ ਜੀ ਨੇ ਚੰਦੂ ਨੂੰ ਸਜ਼ਾ ਦੇਣ ਲਈ ਭਾਈ ਬਿਧੀ ਚੰਦ ਅਤੇ ਭਾਈ

ਜੇਠਾ ਜੀ ਦੇ ਹਵਾਲੇ ਕੀਤਾ। ਉਹਨਾਂ ਨੇ ਨੱਕ ਵਿਚ ਨਕੇਲ ਅਤੇ ਗਲ ਵਿਚ ਸੰਗਲ ਪਾ ਕੇ ਜਾਨਵਰਾਂ ਦੀ ਤਰ੍ਹਾਂ ਲਾਹੌਰ ਲਿਆਂਦਾ। ਲਾਹੌਰ ਦੇ ਬਜ਼ਾਰਾਂ ਵਿਚ ਉਸ ਨੂੰ ਘੁਮਾਇਆ ਗਿਆ। ਲੋਕਾਂ ਨੇ ਥੂਹ ਥੂਹ ਕੀਤੀ। ਪੂਰੇ ਲਾਹੌਰ ਵਿਚ ਘੁਮਾਂਉਦੇ ਹੋਏ ਗੁਰਦਿੱਤੇ ਭੜਭੂੰਜੇ (ਭੱਠੀ ਵਿਚ ਦਾਣੇ ਭੁੰਨਣ ਵਾਲੇ ਨੂੰ ਭੜਭੂੰਜਾ ਕਿਹਾ ਜਾਂਦਾ ਹੈ) ਦੀ ਭੱਠੀ ਤੇ ਲੈ ਗਏ।ਉਸ ਤੋਂ ਤੱਤੀ ਰੇਤ ਦੇ ਕੜਛੇ ਚੰਦੂ ਦੇ ਸਿਰ ਵਿਚ ਪਵਾਏ। ਫਿਰ ਗੁੱਸੇ ਵਿਚ ਉਹੀ ਗਰਮ ਕੜਛਾ ਉਸਦੇ ਸਿਰ ਵਿਚ ਮਾਰਿਆ। ਇਸ ਤਰ੍ਹਾਂ ਸੱਭ ਦੇ ਸਾਹਮਣੇ ਚੰਦੂ ਨੂੰ ਸਜ਼ਾ ਦਿੱਤੀ। (ਪਾਠਕਾਂ ਦੀ ਜਾਣਕਾਰੀ ਦੇ ਲਈ ਇਹ ਵੀ ਦੱਸਿਆ ਜਾਂਦਾ ਹੈ ਕਿ ਚੰਦੂ ਨੇ ਇਸੇ ਗੁਰਦਿੱਤੇ ਭੜਭੂੰਜੇ ਤੋਂ ਜ਼ਬਰਦਸਤੀ ਰੇਤ ਗਰਮ ਕਰਵਾ ਕੇ ਧੰਨ ਗੁਰੂ ਅਰਜਨ ਸਾਹਿਬ ਜੀ ਦੇ ਸੀਸ ਉਪਰ ਪਵਾਈ ਸੀ। ਉਹ ਆਪ ਇਹ ਕੰਮ ਕਰਨ ਲਈ ਤਿਆਰ ਨਹੀਂ ਸੀ)

ਪ੍ਰਿਥੀ ਚੰਦ ਦਾ ਪੁੱਤਰ ਸੋਢੀ ਮਿਹਰਵਾਨ ਸੀ। ਉਸ ਦੀ ਦੋਸਤੀ ਸੁਲਹੀ ਖਾਂ ਦੇ ਪੁੱਤਰ ਜਮਾਲ ਖਾਂ ਨਾਲ ਸੀ। ਜਮਾਲ ਖਾਂ ਲਾਹੌਰ ਦਾ ਕੋਤਵਾਲ ਸੀ। ਇਕ ਵਾਰ ਬਾਦਸ਼ਾਹ ਸ਼ਾਹਜਹਾਂ ਲਾਹੌਰ ਆਇਆ। ਮਿਹਰਬਾਨ ਨੇ ਆਪਣੀ ਦੋਸਤੀ ਦਾ ਫ਼ਾਇਦਾ ਉਠਾਉਂਦੇ ਹੋਏ ਜਮਾਲ ਖਾਂ ਦੁਆਰਾ ਗੁਰੂ ਘਰ ਦੀ ਅੱਧੀ ਜਾਇਦਾਦ ਦਿਵਾਉਣ ਲਈ ਬਾਦਸ਼ਾਹ ਸ਼ਾਹਜਹਾਂ ਨੂੰ ਫ਼ਰਿਆਦ ਕੀਤੀ। ਤਾਂ ਗੁਰੂ ਸਾਹਿਬ ਜੀ ਨੇ ਭਾਈ ਬਿਧੀ ਚੰਦ ਅਤੇ ਭਾਈ ਗੁਰਦਾਸ ਜੀ ਨੂੰ ਮਿਹਰਵਾਨ ਨੂੰ ਸਮਝਾਉਣ ਲਈ ਭੇਜਿਆ। ਭਾਈ ਬਿਧੀ ਚੰਦ ਨੂੰ ਇਹ ਇਜਾਜ਼ਤ ਵੀ ਦੇ ਦਿੱਤੀ ਕਿ ਜੇਕਰ ਉਹ ਨਹੀਂ ਸਮਝਦਾ ਤਾਂ ਆਪਣੇ ਤਰੀਕੇ ਨਾਲ ਮੱਤ ਦੇ ਦੇਣਾ। ਜਦੋਂ ਇਹ ਮਿਹਰਵਾਨ ਨੂੰ ਸਮਝਾਉਣ ਲਈ ਗਏ ਤਾਂ ਉਹ ਉਹਨਾਂ ਨੂੰ ਬਹੁਤ ਬੁਰਾ ਬੋਲਦਾ ਰਿਹਾ ਪਰ ਉਹ ਸ਼ਾਂਤ ਰਹਿ ਕੇ ਸੁਣਦੇ ਰਹੇ। ਜਦ ਮਿਹਰਵਾਨ ਨੇ ਗੁਰੂ ਸਾਹਿਬ ਜੀ ਲਈ ਮਾੜੇ ਸ਼ਬਦ ਵਰਤੇ ਤਾਂ ਭਾਈ ਬਿਧੀ ਚੰਦ ਨੇ ਲਲਕਾਰ ਕੇ ਕਿਹਾ, "ਚੁੱਪ ਹੋ ਜਾ ਓਏ ! ਪ੍ਰਿਥੀਏ ਦਿਆ ਪੁੱਤਰਾ। ਮੈਂ ਹੁਣੇ ਹੀ ਤੈਨੂੰ ਪਾੜਕੇ ਦੋ ਟੋਟੇ ਕਰ ਦਿਆਂਗਾ। ਮੇਰੇ ਕੋਲ ਗੁਰੂ ਜੀ ਦਾ ਆਪਣੇ ਤਰੀਕੇ ਨਾਲ ਮੱਤ ਦੇਣ ਦਾ ਹੁਕਮ ਹੈ।" ਭਾਈ ਗੁਰਦਾਸ ਜੀ ਨੇ ਭਾਈ ਬਿਧੀ ਚੰਦ ਨੂੰ ਮਸਾਂ ਹੀ ਸ਼ਾਂਤ ਕੀਤਾ। ਉਹ ਤਾਂ ਸੋਧਾ ਲਾਉਣ ਲਈ ਉਠ ਖੜੇ ਹੋਏ ਸਨ।

ਇਕ ਵਾਰ ਕਾਬਲ ਤੋਂ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਆਈ ਸੰਗਤ ਲਾਹੌਰ ਵਿਚ ਠਹਿਰੀ ਹੋਈ ਸੀ। ਲਾਹੌਰ ਦਾ ਸੂਬੇਦਾਰ ਅਨਾਇਤ ਉੱਲਾ ਖਾਨ ਸੀ। ਉਸ ਦੇ ਦਰੋਗੇ ਸੌਧੇ ਖਾਂ ਨੇ ਦੋ ਵਧੀਆ ਨਸਲ ਦੇ ਘੋੜੇ ਸੰਗਤ ਤੋਂ ਖੋਹ ਲਏ ਅਤੇ ਸੂਬੇਦਾਰ ਨੂੰ ਖੁਸ਼ ਕਰਨ ਲਈ ਇਹ ਘੋੜੇ ਉਸ ਨੂੰ ਭੇਟ ਕਰ ਦਿਤੇ। ਇਹ ਦੋਵੇਂ ਘੋੜੇ, ਘੋੜਿਆਂ ਦਾ ਸੋਦਾਗਰ ਭਾਈ ਕਰੋੜੀ ਮੱਲ ਗੁਰੂ ਸਾਹਿਬ ਜੀ ਲਈ ਲੈ ਕੇ ਆਇਆ ਸੀ। ਘੋੜੇ ਇਕੋ ਰੰਗ ਰੂਪ ਦੇ ਸਨ, ਜੋ ਤੈਰ ਭੀ ਸਕਦੇ ਸਨ। ਘੋੜੇ ਉਸ ਨੇ ਗੁਰੂ ਸਾਹਿਬ ਜੀ ਲਈ ਬੜੇ ਚਾਅ ਨਾਲ ਆਪ ਪਾਲੇ ਸਨ। ਇਹਨਾਂ ਦੇ ਨਾਮ ਉਸ ਨੇ 'ਦਿਲਬਾਗ' ਅਤੇ 'ਗੁਲਬਾਗ' ਰੱਖੇ ਹੋਏ ਸਨ। ਭਾਈ ਬਿਧੀ ਚੰਦ ਨੇ ਸਖਤ ਪਹਿਰੇ ਦੇ ਹੁੰਦਿਆਂ ਸ਼ਾਹੀ ਮਹਿਲਾਂ ਦੇ ਤਬੇਲੇ ਵਿਚੋਂ ਇਹ ਘੋੜੇ ਵਾਪਸ ਲੈ ਆਂਦੇ ਸਨ। ਇਹ ਰੁਮਾਂਚਿਕ ਘਟਨਾ ਇਸ ਤਰਾਂ ਹੈ:

ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਮਾਲਵੇ ਵਿਚ ਸਿੱਖੀ ਦਾ ਪਰਚਾਰ ਕਰਦੇ ਕਰਦੇ ਕਾਂਗੜ ਦੇਸ਼ (ਗੁਰੂਸਰ ਸਿਧਾਰ) ਵਿਖੇ ਠਹਿਰੇ ਹੋਏ ਹਨ। ਇਥੇ ਪਹੁੰਚ ਕੇ ਭਾਈ ਕਰੋੜੀ ਮੱਲ ਨੇ ਲਾਹੌਰ ਵਿਚ

ਹੋਈ ਸਾਰੀ ਘਟਨਾ ਗੁਰੂ ਸਾਹਿਬ ਜੀ ਨੂੰ ਦੱਸੀ। ਗੁਰੂ ਜੀ ਨੇ ਫ਼ੁਰਮਾਇਆ,"ਭਾਈ ਸਿੱਖਾ, ਤੇਰੀ ਭੇਟਾ ਸਵੀਕਾਰ ਹੋਈ। ਅਸੀਂ ਆਪਣੇ ਘੋੜੇ ਮੰਗਵਾ ਲਵਾਂਗੇ। ਫਿਰ ਸੰਗਤ ਵੱਲ ਸੰਬੋਧਨ ਕਰਕੇ ਕਿਹਾ,"ਹੈ ਕੋਈ ਐਸਾ ਸਿੱਖ ਜੋ ਸ਼ਾਹੀ ਮਹਿਲਾਂ ਦੇ ਤਬੇਲੇ ਵਿਚੋਂ ਸਾਡੇ ਘੋੜੇ ਲੈ ਆਵੇ"। ਸੰਗਤ ਵਿਚ ਜੈਸਲਮੇਰ ਦਾ ਰਾਜਾ ਪ੍ਰਤਾਪ ਸਿੰਘ ਵੀ ਬੈਠਾ ਸੀ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਸ ਕੰਮ ਲਈ ਸੱਭ ਤੋਂ ਯੋਗ ਭਾਈ ਬਿਧੀ ਚੰਦ ਹੈ। ਭਾਈ ਬਿਧੀ ਚੰਦ ਉਠ ਕੇ ਖੜਾ ਹੋਇਆ ਤੇ ਕਿਹਾ,"ਸਤਿਗੁਰੂ ਜੀ, ਮੇਰੇ ਵਿਚ ਕੀ ਤਾਕਤ ਹੈ? ਆਪ ਮੇਰੇ ਸਿਰ ਤੇ ਹੱਥ ਧਰੋ ਤਾਂ ਮੈਨੂੰ ਇਹ ਕੰਮ ਕਰਨ ਤੋਂ ਕੋਈ ਫੌਜ ਨਹੀਂ ਰੋਕ ਸਕੇਗੀ"। ਗੁਰੂ ਜੀ ਨੇ ਫ਼ੁਰਮਾਇਆ,"ਜਾਓ, ਜੋ ਚਾਹੋਗੇ, ਉਸੇ ਤਰ੍ਹਾਂ ਹੋਵੇਗਾ। ਗੁਰੂ ਨਾਨਕ ਅੰਗ ਸੰਗ ਰਹੇਗਾ"। ਉਸੇ ਦਿਨ ਅਰਦਾਸਾ ਸੋਧ ਕੇ ਭਾਈ ਬਿਧੀ ਚੰਦ ਲਾਹੌਰ ਨੂੰ ਚੱਲ ਪੈਂਦਾ ਹੈ। ਪ੍ਰੀਤ ਨਾਲ ਗੁਰਬਾਣੀ ਪੜ੍ਹਦਾ, ਸਿਮਰਨ ਕਰਦਾ ਉਹ ਪੰਜਵੇਂ ਦਿਨ ਲਾਹੌਰ ਪਹੁੰਚ ਜਾਂਦਾ ਹੈ। ਆਪਣਾ ਡੇਰਾ ਭਾਈ ਜੀਵਨ ਦੇ ਘਰ ਕੀਤਾ। ਭਾਈ ਜੀਵਨ ਗੁਰੂ ਘਰ ਉਪਰ ਭਰੋਸਾ ਕਰਨ ਵਾਲਾ ਸਿੱਖ ਹੈ। ਭਾਈ ਬਿਧੀ ਚੰਦ ਨੇ ਉਹਨਾਂ ਨੂੰ ਗੁਰੂ ਸਾਹਿਬ ਜੀ ਵੱਲੋਂ ਲਾਈ ਸੇਵਾ, ਆਪਣੀ ਇੱਛਾ ਅਤੇ ਸਕੀਮ ਬਾਰੇ ਦੱਸਿਆ। ਭਾਈ ਜੀਵਨ ਨੇ ਪੂਰੇ ਵਿਸ਼ਵਾਸ ਨਾਲ ਕਿਹਾ,"ਇਹ ਗੁਰੂ ਸਾਹਿਬ ਜੀ ਦਾ ਕੰਮ ਹੈ, ਉਹਨਾਂ ਨੇ ਭੇਜਿਆ ਹੈ, ਤੁਸੀਂ ਹੋ ਗਿਆ ਸਮਝੋ। ਤੁਸੀਂ ਗੁਰੂ ਜੀ ਦਾ ਨਾਮ ਲੈ ਕੇ ਕੰਮ ਸ਼ੁਰੂ ਕਰੋ"।

ਅਗਲੇ ਦਿਨ ਭਾਈ ਬਿਧੀ ਚੰਦ ਨੇ ਬਹੁਤ ਵਧੀਆ ਹਰੀ ਹਰੀ ਘਾਹ ਨੂੰ ਜਪੁਜੀ ਦੀ ਬਾਣੀ ਪੜ੍ਹਦੇ ਹੋਏ ਖੋਤਿਆ। ਮਿੱਟੀ ਚੰਗੀ ਤਰ੍ਹਾਂ ਝਾੜੀ। ਸਾਫ਼ ਸੁਥਰੇ ਕੱਪੜੇ ਵਿਚ ਪੰਡ ਬੰਨੀ। ਸਿਮਰਨ ਕਰਦੇ ਹੋਏ ਕਿਲੇ ਦੀ ਦੀਵਾਰ ਦੇ ਨਾਲ ਜਾ ਬੈਠੇ। ਇਥੇ ਹੋਰ ਵੀ ਘਾਹੀ ਘਾਹ ਦੀਆਂ ਪੰਡਾਂ ਲਈ ਬੈਠੇ ਹਨ। ਕੁਝ ਚਿਰ ਪਿਛੋਂ ਸ਼ਾਹੀ ਘੋੜਿਆਂ ਦੇ ਤਬੇਲੇ ਦਾ ਦਰੋਗਾ ਸੌਂਧੇ ਖਾਨ ਆਪਣੇ ਸਿਪਾਹੀਆਂ ਅਤੇ ਸੇਵਾਦਾਰਾਂ ਨਾਲ ਬਾਹਰ ਆਇਆ। ਨਵੇਂ ਆਏ ਘਾਹੀ ਦੀ ਸਾਫ਼ ਸੁਥਰੀ ਘਾਹ ਦੇਖ ਕੇ ਸੇਵਾਦਾਰ ਨੂੰ ਕਹਿੰਦਾ ਹੈ,'ਵਾਹ, ਕਿਆ ਘਾਹ ਹੈ। ਇਹ ਤਾਂ ਦਿਲਬਾਗ – ਗੁਲਬਾਗ ਖਾ ਹੀ ਲੈਣਗੇ'। ਭਾਈ ਬਿਧੀ ਚੰਦ ਨੂੰ ਪਹਿਲੇ ਹੀ ਦਿਨ ਸਫ਼ਲਤਾ ਦੀ ਪੌੜੀ ਦਾ ਪਹਿਲਾ ਡੰਡਾ ਦਿੱਸ ਪਿਆ। ਨਾਲ ਹੀ ਥੋੜੀ ਚਿੰਤਾ ਵੀ ਹੋਈ ਕਿ ਗੁਰੂ ਜੀ ਦੇ ਘੋੜਿਆਂ ਨੇ ਖਾਣਾ ਪੀਣਾ ਤਿਆਗਿਆ ਹੋਇਆ ਹੈ।

ਹੁਣ ਇਸ ਗੱਲ ਨੂੰ ਜੇ ਅਸੀਂ ਸ਼ੱਕ ਦੀ ਨਜ਼ਰ ਨਾਲ ਵੇਖੀਏ ਕਿ ਘੋੜੇ ਤਾਂ ਜਾਨਵਰ ਹਨ। ਉਹ ਗੁਰੂ ਜੀ ਦੇ ਤਬੇਲੇ ਵਿਚ ਹੋਣ ਜਾਂ ਸੂਬੇਦਾਰ ਦੇ ਤਬੇਲੇ ਵਿਚ। ਉਹਨਾਂ ਨੂੰ ਕੀ ਸਮਝ? ਉਹ ਖਾਣਾ ਪੀਣਾ ਕਿਉਂ ਛੱਡਣ? ਉਨਾਂ ਨੇ ਤਾਂ ਭੁੱਖ ਅਨੁਸਾਰ ਮੂੰਹ ਮਾਰਨਾ ਹੀ ਹੈ। ਪਰ ਜੇ ਭਾਵਨਾ ਦੀ ਨਜ਼ਰ ਨਾਲ ਦੇਖੀਏ ਤਾਂ ਭਾਈ ਕਰੋੜੀ ਮੱਲ ਨੇ ਉਹਨਾਂ ਦੇ ਜਨਮ ਤੋਂ ਲੈ ਕੇ ਉਹਨਾਂ ਦੀ ਸੇਵਾ ਗੁਰੂ ਜੀ ਦਾ ਨਾਮ ਲੈ ਲੈ ਅਤੇ ਸਿਮਰਨ ਕਰਦੇ ਹੋਏ ਕੀਤੀ। ਕਰੋੜੀ ਮੱਲ ਜੀ ਰਾਂਹੀ ਬੋਲੀ ਬਾਣੀ ਅਤੇ ਸੁਣਾਈਆਂ ਗੁਰੂ ਕੀਆਂ ਸਾਖੀਆਂ ਦਾ ਹੀ ਅਸਰ ਸੀ ਕਿ ਉਹਨਾਂ ਨੇ ਖਾਣਾ ਪੀਣਾ ਤਿਆਗਿਆ ਹੋਇਆ ਸੀ ਕਿਉਂਕਿ ਉਹਨਾਂ ਨੂੰ ਜ਼ਬਰਦਸਤੀ ਅਸਲ ਘਰ ਨਾਲੋਂ ਤੋੜਿਆ ਗਿਆ ਸੀ।

ਅਗਲੇ ਦਿਨ ਫਿਰ ਭਾਈ ਬਿਧੀ ਚੰਦ ਉਸੇ ਤਰ੍ਹਾਂ ਬਾਣੀ ਪੜ੍ਹਦੇ ਹੋਏ ਘਾਹ ਖੋਤ ਕੇ ਉਥੇ ਲੈ ਜਾਂਦਾ ਹੈ। ਸੌਂਧੇ ਖਾਂ ਦੇ ਚਿਹਰੇ ਤੇ ਖੁਸ਼ੀ ਵੇਖਦੇ ਹੋਏ ਸਮਝ ਜਾਂਦਾ ਹੈ ਕਿ ਉਸ ਦੀ ਸੇਵਾ ਸਫਲ ਹੋਈ ਹੈ। ਪਰ

ਅਣਜਾਣ ਬਣ ਕੇ ਪੁੱਛਦਾ ਹੈ,"ਕਿਉਂ ਦਰੋਗਾ ਜੀ ਤੁਹਾਡੇ ਪੱਠਿਆਂ ਨੇ ਦਾਣਾ ਫੱਕਾ ਲਿਆ ਕਿ ਨਹੀਂ?" 'ਹਾਂ ਬਈ ਹਾਂ, ਪਹਿਲੀ ਵਾਰ ਖੁਸ਼ ਹੋ ਕੇ ਸਾਰਾ ਘਾਹ ਉਹਨਾਂ ਨੇ ਆਪ ਖਾਧਾ ਹੈ। ਨਹੀਂ ਤਾਂ ਮੁਸ਼ਕਲ ਨਾਲ ਥੋੜਾ ਜਿਹਾ ਖੁਆਉਣਾ ਪੈਂਦਾ ਸੀ'। ਭਾਈ ਬਿਧੀ ਚੰਦ ਨੇ ਪੱਲ ਦੀ ਪੱਲ ਅੱਖਾਂ ਬੰਦ ਕਰਕੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਅਤੇ ਅਗਲੇ ਸਮੇਂ ਲਈ ਸਹਾਈ ਹੋਣ ਦੀ ਅਰਦਾਸ ਕੀਤੀ। ਸੌਂਧੇ ਖਾਂ ਨੇ ਕਿਹਾ,"ਐਸਾ ਹੀ ਘਾਹ ਰੋਜ਼ ਆਪਣੇ ਆਪ ਤਬੇਲੇ ਵਿਚ ਪੁਚਾ ਦਿਆ ਕਰ।"ਭਾਈ ਬਿਧੀ ਚੰਦ ਜੀ ਗੁਰੂ ਸਾਹਿਬ ਜੀ ਦਾ ਕੋਟਿ ਕੋਟਿ ਸ਼ੁਕਰਾਨਾ ਕਰ ਰਹੇ ਸਨ। ਹੁਣ ਉਹ ਰੋਜ਼ ਘਾਹ ਲਿਆਉਂਦੇ ਤੇ ਤਬੇਲੇ ਵਿਚ ਪਹੁੰਚਾ ਦਿੰਦੇ। ਕੁਝ ਦਿਨਾਂ ਵਿਚ ਹੀ ਉਹਨਾਂ ਨੂੰ ਹੋਰ ਖੁੱਲ ਮਿਲ ਗਈ। ਘੋੜਿਆਂ ਨੂੰ ਘਾਹ ਆਪ ਹੀ ਪਾ ਦਿੰਦੇ। ਪਿਆਰ ਨਾਲ ਪਿੱਠ ਤੇ ਹੱਥ ਵੀ ਫੇਰਦੇ। ਸੌਂਧੇ ਖਾਂ ਨੇ ਸਾਰੀ ਗੱਲ ਸੂਬੇਦਾਰ ਨੂੰ ਦੱਸ ਕੇ ਭਾਈ ਬਿਧੀ ਚੰਦ ਨੂੰ ਨੌਕਰ ਹੀ ਰਖਵਾ ਲਿਆ। ਉਹ ਘੋੜਿਆਂ ਦੀ ਸੇਵਾ ਕਰਦੇ ਕਰਦੇ ਪੂਰੀ ਖੋਜ ਵੀ ਕਰਦੇ। ਝੱਲੇ ਜਿਹੇ ਬਣਨ ਦਾ ਸਾਂਗ ਵੀ ਕਰਦੇ। ਸੁਨਿਹਰੀ ਹੀਰੇ ਮੋਤੀਆਂ ਜੜੀ ਕਾਠੀ ਨੂੰ ਵੇਖ ਕੇ ਕਹਿੰਦੇ,'ਇਹ ਮੱਕੀ ਛੋਲਿਆਂ ਦੇ ਦਾਣੇ ਐਂਵੇਂ ਕਾਠੀ ਨੂੰ ਲਾਏ ਨੇ। ਐਥੇ ਕਿਤੇ ਘੋੜਿਆਂ ਦਾ ਮੂੰਹ ਜਾਂਦਾ ਹੈ'? ਆਪਣੀ ਬਣਾਈ ਯੋਜਨਾ ਅਨੁਸਾਰ ਰੋਜ਼ ਘਾਹ ਦੀ ਪੰਡ ਵਿਚ ਇਕ ਵੱਡਾ ਪੱਥਰ ਲੈ ਆਉਂਦੇ ਅਤੇ ਅੱਧੀ ਰਾਤ ਨੂੰ ਕਿਲੇ ਦੀ ਦੀਵਾਰ ਨਾਲ ਲਗਦੇ ਰਾਵੀ ਦਰਿਆ ਵਿਚ ਸੁੱਟ ਦਿੰਦੇ। ਪਹਿਲਾਂ ਪਹਿਲਾਂ ਤਾਂ ਪਹਿਰੇਦਾਰਾਂ ਨੇ ਸ਼ੋਰ ਸੁਣ ਕੇ ਕੁਝ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਰੋਜ਼ ਦੇ ਖੜਕੇ ਨੂੰ ਉਹਨਾਂ ਨੇ ਸੋਚਿਆ ਕਿ ਇਹ ਕੋਈ ਦਰਿਆਈ ਜਾਨਵਰ ਹੈ, ਜੋ ਕਿਲੇ ਦੀ ਦੀਵਾਰ ਦੇ ਨਾਲ ਟਕਰਾਉਂਦਾ ਹੈ।

ਸਾਰਾ ਕੁਝ ਗੁਰੂ ਸਾਹਿਬ ਦੀ ਕਿਰਪਾ ਨਾਲ ਭਾਈ ਬਿਧੀ ਚੰਦ ਦੀ ਯੋਜਨਾ ਅਨੁਸਾਰ ਠੀਕ ਹੋ ਰਿਹਾ ਸੀ। ਅੱਜ ਤਨਖਾਹ ਮਿਲਣ ਦਾ ਦਿਨ ਹੈ। ਸ਼ਾਹੀ ਤਬੇਲੇ ਦੇ ਸਾਰੇ ਵਰਕਰਾਂ ਅਤੇ ਪਹਿਰੇਦਾਰਾਂ ਨੇ ਪਿਛਲੇ ਦੋ ਤਿੰਨ ਦਿਨਾਂ ਤੋਂ ਦਾਅਵਤ (ਪਾਰਟੀ) ਕਰਨ ਲਈ ਜ਼ੋਰ ਦਿੱਤਾ ਹੋਇਆ ਸੀ। ਭਾਈ ਬਿਧੀ ਚੰਦ ਵੀ ਨਾ ਨਾ ਕਰਦੇ ਇਹੋ ਕੁਝ ਹੀ ਚਾਹੁੰਦੇ ਸਨ। ਅੱਜ ਜਦੋਂ ਦਰੋਗੇ ਸੌਂਧੇ ਖਾਂ ਨੇ ਵੀ ਪੈਸੇ ਹੱਥ ਤੇ ਧਰਦੇ ਹੋਏ ਦਾਅਵਤ ਲਈ ਕਿਹਾ ਤਾਂ ਭਾਈ ਬਿਧੀ ਚੰਦ ਨੇ ਦਸਵੰਧ ਦੀ ਰਕਮ ਕੱਢ ਕੇ ਬਾਕੀ ਦੀ ਸਾਰੀ ਤਨਖਾਹ ਦਾਅਵਤ ਲਈ ਦੇ ਦਿੱਤੀ। ਨਾਲ ਹੀ ਕਿਹਾ,'ਜੋ ਚਾਹੋ ਸੋ ਖਾਓ, ਇਸੇ ਬਹਾਨੇ ਆਪਣੇ ਮਿੱਤਰ ਨੂੰ ਯਾਦ ਤਾਂ ਕਰਿਆ ਕਰੋਗੇ। ਪੈਸੇ ਖੁੱਲੇ। ਦਾਅਵਤ ਰੱਜਵੀਂ। ਨਸ਼ਾ ਤੇਜ਼। ਸੱਭ ਨਸ਼ੇ ਵਿਚ ਗੁੱਟ ਹੋ ਕੇ ਡਿਗੇ ਪਏ ਹਨ। ਕੋਈ ਕਿਤੇ। ਕੋਈ ਕਿਤੇ। ਭਾਈ ਬਿਧੀ ਚੰਦ ਨੇ ਚਾਬੀਆਂ ਕੱਢੀਆਂ। ਸੱਭ ਕਰਮਚਾਰੀਆਂ ਨੂੰ ਇਕ ਕਮਰੇ ਵਿਚ ਬੰਦ ਕੀਤਾ। ਘੋੜੇ ਤੇ ਪਾਈ ਕਾਠੀ। ਜੋੜੇ ਉਤਾਰ, ਹੱਥ ਜੋੜ, ਅੱਖਾਂ ਬੰਦ ਕਰਕੇ ਸਤਿਗੁਰ ਦੇ ਚਰਨਾਂ ਦਾ ਧਿਆਨ ਧਰਿਆ ਅਤੇ ਅੰਗ ਸੰਗ ਰਹਿਣ ਲਈ ਅਰਦਾਸ ਕੀਤੀ। ਭਾਈ ਬਿਧੀ ਚੰਦ ਨੇ ਘੋੜੇ ਤੇ ਚੜ੍ਹ ਕੇ ਅੱਡੀ ਲਾਈ। ਦੂਰੋਂ ਭਜਾਉਂਦੇ ਕਿਲੇ ਦੀ ਦੀਵਾਰ ਤੋਂ ਛਲਾਂਗ ਮਾਰ ਦਿੱਤੀ। ਇਕ ਵਾਰੀ ਤਾਂ ਘੋੜਾ ਪਾਣੀ ਵਿਚ ਨੀਚੇ ਗਿਆ। ਪਰ ਦੂਜੇ ਹੀ ਪਲ ਉਹ ਤੈਰ ਰਿਹਾ ਸੀ। ਭਾਈ ਬਿਧੀ ਚੰਦ ਸ਼ਬਦ ਪੜ੍ਹ ਰਿਹਾ ਸੀ:

'ਹਰਿ ਕਾ ਨਾਮੁ ਰਿਦੈ ਨਿਤ ਧਿਆਈ॥ ਸੰਗੀ ਸਾਥੀ ਸਗਲ ਤਰਾਈ॥
ਗੁਰ ਮੇਰੇ ਸੰਗ ਸਦਾ ਹੈ ਨਾਲੇ॥ ਸਿਮਰ ਸਿਮਰ ਤਿਸ ਸਦਾ ਸਮਾਲੇ॥ '(ਪਾਵਨ ਅੰਗ 394)

ਸ਼ਾਹੀ ਤਬੇਲੇ ਦੇ ਅੰਦਰ ਮਦਹੋਸ਼ ਕਰਮਚਾਰੀਆਂ ਵਿਚ ਕੋਈ ਹਲਚਲ ਨਾ ਹੋਈ। ਜੇ ਕੋਈ ਪਹਿਰੇਦਾਰ ਕੁਝ ਹੋਸ਼ ਵਿਚ ਸੀ, ਉਸਨੇ ਉਹੀ ਖੜਾਕ ਜਾਣਿਆਂ ਜੋ ਰੋਜ਼ ਭਾਈ ਬਿਧੀ ਚੰਦ ਵੱਲੋਂ ਪੱਥਰ ਸੁੱਟਣ ਨਾਲ ਹੁੰਦਾ ਸੀ। ਸਾਰਾ ਭੇਦ ਤਾਂ ਸਵੇਰੇ ਉੱਠਣ ਤੇ ਖੁੱਲਿਆ। ਦਿਲਬਾਗ ਜਾ ਚੁੱਕਾ ਸੀ।

ਭਾਈ ਬਿਧੀ ਚੰਦ ਰਾਤ ਨੂੰ ਗੁਰਬਾਣੀ ਗਾਉਂਦਾ ਅਤੇ ਸਿਮਰਨ ਕਰਦਾ ਚਲਦਾ ਰਿਹਾ। ਦਿਨ ਚੜੇ ਨੂੰ ਹਰੀ ਕੇ ਪੱਤਣ ਦੇ ਨੇੜੇ ਇਕ ਪਿੰਡ ਵਿਚ ਇਕ ਸਿੱਖ ਦੇ ਘਰ ਸ਼ਰਨ ਲੈਂਦਾ ਹੈ। ਘੋੜੇ ਦਿਲਬਾਗ ਨੂੰ ਦਾਣਾ ਫੱਕਾ ਪਾਕੇ ਆਪ ਵੀ ਥੋੜਾ ਆਰਾਮ ਕਰਦਾ ਹੈ। ਫਿਰ ਪ੍ਰਸ਼ਾਦਾ ਛੱਕ ਕੇ 'ਦਿਲਬਾਗ' ਦੀ ਮਾਲਸ਼ ਕਰਦਾ ਹੈ। ਸ਼ਾਮ ਨੂੰ ਚਾਲੇ ਪਾਉਂਦਾ ਹੈ। ਪਹਿਰ ਰਾਤ ਰਹਿੰਦੀ ਗੁਰੂਸਰ ਸਿਧਾਰ ਪਹੁੰਚ ਜਾਂਦਾ ਹੈ। ਦੀਵਾਨ ਸਜਿਆ ਹੋਇਆ ਹੈ। ਰਬਾਬੀ 'ਆਸਾ ਦੀ ਵਾਰ' ਦਾ ਕੀਰਤਨ ਕਰ ਰਹੇ ਹਨ। ਘੋੜੇ ਦਿਲਬਾਗ ਨੂੰ ਬਾਹਰ ਹੀ ਬੰਨ ਕੇ ਭਾਈ ਬਿਧੀ ਚੰਦ ਨਮਸਕਾਰ ਕਰਕੇ ਬੈਠ ਜਾਂਦਾ ਹੈ। ਦੀਵਾਨ ਦੀ ਸਮਾਪਤੀ ਤੋਂ ਬਾਅਦ ਗੁਰੂ ਸਾਹਿਬ ਜੀ ਉੱਠਦੇ ਹਨ। ਭਾਈ ਬਿਧੀ ਚੰਦ ਨੂੰ ਨਾਲ ਲੈ ਕੇ ਘੋੜੇ ਕੋਲ ਆ ਜਾਂਦੇ ਹਨ। ਭਾਈ ਬਿਧੀ ਚੰਦ ਨੂੰ ਅਤੇ ਘੋੜੇ 'ਦਿਲਬਾਗ' ਨੂੰ ਥਾਪੜਾ ਦਿੰਦੇ ਹਨ।'ਦਿਲਬਾਗ' ਵੀ ਸਿਰ ਨੀਵਾਂ ਕਰਕੇ ਪਿਆਰ ਲੈ ਰਿਹਾ ਹੈ। ਮਾਨੋ ਸ਼ੁਕਰਾਨਾ ਕਰ ਰਿਹਾ ਹੈ ਗੁਰੂ ਸਾਹਿਬ ਜੀ ਦੇ ਹੱਥਾਂ ਦੀ ਛੋਹ ਮਿਲਣ ਦਾ। ਭਾਈ ਜੇਠਾ ਜੀ ਨੂੰ ਬੁਲਾ ਕੇ 'ਦਿਲਬਾਗ' ਦੀ ਮਾਲਸ਼ ਆਦਿ ਕਰਨ ਲਈ ਉਹਨਾਂ ਨੂੰ ਸੌਂਪ ਦਿੱਤਾ ਹੈ। ਸ਼ਾਮ ਦੇ ਦੀਵਾਨ ਵਿਚ 'ਸੋਦਰ' ਦੇ ਪਾਠ ਤੋਂ ਪਿਛੋਂ ਕੀਰਤਨ ਹੋਇਆ। ਬਾਅਦ ਵਿਚ ਭਾਈ ਬਿਧੀ ਚੰਦ ਨੇ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਸਾਰੀ ਘਟਨਾ ਦਾ ਵੇਰਵਾ ਸੁਣਾਇਆ ਹੈ। ਗੁਰੂ ਸਾਹਿਬ ਜੀ ਨੇ ਆਪ ਉਠ ਕੇ ਭਾਈ ਬਿਧੀ ਚੰਦ ਨੂੰ ਥਾਪੜਾ ਦਿੱਤਾ ਹੈ ਅਤੇ ਕੁਝ ਮੰਗਣ ਲਈ ਕਿਹਾ ਹੈ। ਭਾਈ ਬਿਧੀ ਚੰਦ ਨੇ ਹੱਥ ਬੰਨ ਅਰਜ਼ ਕੀਤੀ "ਮੇਰੀ ਇਕ ਮੰਗ ਹਮੇਸ਼ਾਂ ਪੂਰੀ ਕਰਦੇ ਰਹਿਣਾ, ਸਤਿਗੁਰੂ ਜੀ,"ਸਤਿਗੁਰ ਦਾ ਅੰਗ। ਸਾਧ ਦਾ ਸੰਗ। ਨਾਮ ਦਾ ਰੰਗ। ਨਿਸਚਾ ਅਭੰਗ। ਸਦਾ ਬਣਿਆ ਰਹੇ"। ਗੁਰੂ ਸਾਹਿਬ ਜੀ ਨੇ ਬਖਸ਼ਿਸ਼ ਕਰਦੇ ਹੋਏ ਥਾਪੜਾ ਦਿਤਾ।

ਦੂਜੇ ਦਿਨ ਦਰਬਾਰ ਵਿਚ ਆਕੇ ਭਾਈ ਜੇਠਾ ਜੀ ਨੇ ਗੁਰੂ ਸਾਹਿਬ ਨੂੰ ਨਮਸਕਾਰ ਕਰਕੇ ਬੇਨਤੀ ਕੀਤੀ ਕਿ 'ਦਿਲਬਾਗ' ਕੁਝ ਸੁਸਤ ਹੈ। ਉਸ ਸਮੇਂ ਗੁਰੂ ਸਾਹਿਬ ਜੀ ਕੋਲ ਭਾਈ ਜੋਧ, ਭਾਈ ਬਿਧੀ ਚੰਦ ਅਤੇ ਰਾਜਾ ਪ੍ਰਤਾਪ ਸਿੰਘ ਬੈਠੇ ਸਨ। ਗੁਰੂ ਸਾਹਿਬ ਜੀ ਸਾਰਿਆਂ ਨੂੰ ਨਾਲ ਲੈ ਕੇ ਤਬੇਲੇ ਵਿਚ ਆ ਜਾਂਦੇ ਹਨ। 'ਦਿਲਬਾਗ' ਨੂੰ ਥਾਪੜਾ ਦਿੰਦੇ ਹਨ। ਉਸਦੀਆਂ ਅੱਖਾਂ ਵਿਚ ਪਾਣੀ ਹੋਰ ਤੇਜ਼ ਵਹਿਣ ਲੱਗ ਜਾਂਦਾ ਹੈ। ਗੁਰੂ ਸਾਹਿਬ ਜੀ ਭਾਈ ਬਿਧੀ ਚੰਦ ਵੱਲ ਵੇਖ ਕੇ ਬੋਲੇ,"ਤੇਰੀ ਸੇਵਾ ਪ੍ਰਵਾਨ ਹੈ। ਇਸ ਨੂੰ ਵਿਛੋੜੇ ਦਾ ਗਮ ਹੈ। 'ਗੁਲਬਾਗ' ਦਾ ਵੀ ਉਥੇ ਇਹੀ ਹਾਲ ਹੈ। ਹੁਣ ਜਾਂ ਤਾਂ ਇਸ ਨੂੰ ਉਥੇ ਪੁਹੰਚਾ ਦੇ ਜਾਂ ਉਸਨੂੰ ਵੀ ਲੈ ਆ। ਇਸ ਤੋਂ ਪਹਿਲਾਂ ਕਿ ਭਾਈ ਬਿਧੀ ਚੰਦ ਕੁਝ ਬੋਲਦੇ, ਭਾਈ ਜੋਧ ਬੋਲੇ, "ਸਤਿਗੁਰੂ, ਅਸੀਂ ਤਾਂ ਜੋੜੀ ਬਣੀ ਵੇਖਣੀ ਹੈ, 'ਦਿਲਬਾਗ' ਨੂੰ ਉਥੇ ਭੇਜਣ ਦੇ ਬਚਨ ਨਾ ਕਰੋ"। ਭਾਈ ਜੇਠਾ ਜੀ ਨੇ ਵੀ ਹਾਮੀ ਭਰੀ ਅਤੇ ਕਿਹਾ,'ਭਾਈ ਬਿਧੀ ਚੰਦ ਸੱਭ ਕੁਝ ਕਰ ਸਕਦਾ ਹੈ, ਜੇ ਚਾਹੇ ਤਾਂ ਸ਼ਾਹਜਹਾਨ ਨੂੰ ਵੀ ਬੰਨ ਕੇ ਲੈ ਆਵੇ'। ਰਾਜਾ ਪ੍ਰਤਾਪ ਸਿੰਘ ਬੜੀ ਸਮਝਦਾਰੀ ਨਾਲ

ਬੋਲਿਆ,"ਸਤਿਗੁਰੂ ਜੀ, ਇਕ ਦੇ ਆਉਣ ਨਾਲ ਦੂਜੇ ਨੂੰ ਲੈ ਕੇ ਆਉਣਾ ਬਹੁਤ ਔਖਾ ਹੋ ਗਿਆ ਹੈ। ਸ਼ਾਹੀ ਦਰਬਾਰ ਵਿਚ ਪੂਰੀ ਸਖਤੀ ਹੋ ਗਈ ਹੋਵੇਗੀ। ਪਹਿਰਾ ਚਾਰ ਗੁਣਾ ਵਧਾ ਦਿੱਤਾ ਹੋਵੇਗਾ। ਸ਼ਾਹੀ ਤਬੇਲੇ ਵਿਚੋਂ ਘੋੜੇ ਦੀ ਚੋਰੀ ਹੋਣਾ ਸੂਬੇਦਾਰ ਲਈ ਇਜ਼ਤ ਦਾ ਸਵਾਲ ਬਣ ਚੁੱਕਿਆ ਹੋਵੇਗਾ। ਪਰ ਆਪਜੀ ਦੀ ਕਿਰਪਾ ਨਾਲ ਭਾਈ ਬਿਧੀ ਚੰਦ ਸੱਭ ਕੁਝ ਕਰ ਸਕਦਾ ਹੈ। ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ,"ਸਾਡੇ ਲਈ ਘੋੜਿਆਂ ਦੀ ਗੱਲ ਤੁੱਛ ਹੈ ਪਰ ਸੰਗਤ ਦੀ ਬੇਨਤੀ ਸਰਵ ਉੱਚ ਹੈ। ਭਾਈ ਬਿਧੀ ਚੰਦ ਉਪਰ ਵੱਡੇ ਸਤਿਗੁਰਾਂ ਦੀ ਅਪਾਰ ਕਿਰਪਾ ਹੈ। ਇਸ ਵੱਲੋਂ ਉਹਨਾਂ ਦੀ ਕੀਤੀ ਸੇਵਾ ਤੇ ਭਗਤੀ ਨੇ ਇਸ ਨੂੰ ਅਥਾਹ ਸ਼ਕਤੀ ਬਖ਼ਸ਼ੀ ਹੋਈ ਹੈ"। ਇਹ ਕਹਿ ਕੇ ਗੁਰੂ ਸਾਹਿਬ ਜੀ ਨੇ ਭਾਈ ਬਿਧੀ ਚੰਦ ਨੂੰ ਘੋੜੇ 'ਗੁਲਬਾਗ' ਨੂੰ ਵੀ ਲੈ ਆਉਣ ਦਾ ਹੁਕਮ ਦੇ ਦਿੱਤਾ। ਭਾਈ ਬਿਧੀ ਚੰਦ ਸਿਰ ਝੁਕਾ ਕੇ ਹੱਥ ਬੰਨ ਅਰਜ਼ ਕਰਦਾ ਹੈ,"ਸਤਿਗੁਰੂ ਜੀ, ਕਰਨ ਕਰਾਵਨ ਹਾਰ ਆਪ ਹੀ ਹੋ। ਮੇਰੀ ਕੀ ਜ਼ੁਅਰਤ ਹੈ ਜੋ ਮੈਂ ਕੋਈ ਕਦਮ ਵੀ ਆਪਣੀ ਮਰਜ਼ੀ ਨਾਲ ਚੁੱਕ ਲਵਾਂ। ਆਪ ਮੇਰੇ ਅੰਗ ਸੰਗ ਰਹਿ ਕੇ ਆਪਣਾ ਕਾਰਜ ਆਪ ਕਰਵਾ ਲੈਣਾ"।

ਗੁਰੂ ਜੀ ਦਾ ਥਾਪੜਾ ਲੈ ਕੇ ਅਰਦਾਸਾ ਸੋਧ ਕੇ ਉਸ ਨੇ ਲਾਹੌਰ ਵੱਲ ਚਾਲੇ ਪਾ ਦਿੱਤੇ। ਚੌਥੇ ਦਿਨ ਲਾਹੌਰ ਪਹੁੰਚ ਜਾਂਦਾ ਹੈ। ਅੱਗੋਂ ਸ਼ਹਿਰ ਵਿਚ ਮੁਨਾਦੀ ਫਿਰਾਈ ਜਾ ਰਹੀ ਹੈ,"ਜੋ ਭੀ ਜੋਤਸ਼ੀ, (Astrologer) ਫ਼ਕੀਰ ਜਾਂ ਕੋਈ ਵਿਅਕਤੀ ਸ਼ਾਹੀ ਮਹਿਲਾਂ ਦੇ ਘੋੜੇ ਦੀ ਜਾਂ ਘੋੜੇ ਲੈ ਕੇ ਜਾਣ ਵਾਲੇ ਦੀ ਖਬਰ ਦੇਵੇਗਾ, ਉਸਨੂੰ ਦਸ ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ"। ਸ਼ਹਿਰ ਵੜਨ ਤੋਂ ਲੈ ਕੇ ਭਾਈ ਬਹੋੜੂ ਜੀ ਦੇ ਘਰ ਤੱਕ ਕਈ ਮੁਨਾਦੀ ਵਾਲੇ ਇਹੋ ਬੋਲ ਗੁੰਜਾ ਰਹੇ ਸਨ। ਭਾਈ ਬਹੋੜੂ ਨੇ ਭਾਈ ਬਿਧੀ ਚੰਦ ਜੀ ਦੀ ਸਤਿਕਾਰ ਨਾਲ ਸੇਵਾ ਕੀਤੀ। ਭਾਈ ਬਿਧੀ ਚੰਦ ਦੀ ਸਕੀਮ ਅਨੁਸਾਰ ਜੋਤਸ਼ੀ ਦੇ ਭੇਸ ਬਣਾਉਣ ਲਈ ਸਾਰਾ ਸਮਾਨ ਦੋ ਦਿਨਾਂ ਵਿਚ ਤਿਆਰ ਕਰਵਾ ਦਿੱਤਾ। ਇਹਨਾਂ ਦੋ ਦਿਨਾਂ ਵਿਚ ਭਾਈ ਬਿਧੀ ਚੰਦ ਨੇ ਪੂਰੇ ਸ਼ਹਿਰ ਦਾ ਚੱਕਰ ਲਗਾ ਕੇ ਪੂਰੀ ਜਾਣਕਾਰੀ ਅਤੇ ਸੂਹ ਕੱਢ ਲਈ। ਸੌਂਧੇ ਖਾਂ ਘੋੜੇ ਗਾਇਬ ਹੋਣ ਕਾਰਨ ਬਉਰਾ ਹੋਇਆ ਫਿਰਦਾ ਸੀ।

ਦੋ ਦਿਨ ਬਾਅਦ ਭਾਈ ਬਿਧੀ ਚੰਦ ਨੇ ਜੋਤਸ਼ੀ ਦਾ ਭੇਸ ਬਣਾਇਆ। ਇਕ ਸਫ਼ੈਦ ਕੁੜਤਾ ਪੈਰਾਂ ਤੱਕ ਪਾਇਆ। ਇਕ ਅੱਗੋਂ ਖੁੱਲ੍ਹੇ ਬਟਨਾਂ ਵਾਲਾ ਜੈਕਟ ਵਰਗਾ ਕੁੜਤਾ ਪਾਇਆ, ਜੋ ਗੋਡਿਆਂ ਤੋਂ ਥੋੜਾ ਉਪਰ ਤੱਕ ਸੀ। ਗਲ਼ ਵਿਚ ਜ਼ਰੀ ਵਾਲਾ ਪੱਲਾ। ਸਿਰ ਉਪਰ 30 ਗਜ਼ ਦੀ ਮਲਮਲ ਦੀ ਪਗੜੀ ਬੰਨੀ, ਜੋ ਢਾਲ ਵਾਂਗ ਬੈਠਵੀਂ ਸੀ। ਉਸ ਦੇ ਦੋਂਵੇਂ ਪਾਸੇ ਫਰਲੇ ਛੱਡੇ ਹੋਏ ਸਨ। ਦਾੜੀ ਦਹੀਂ ਨਾਲ ਇਸ਼ਨਾਨ ਕਰਵਾ ਕੇ ਦੋ ਹਿੱਸਿਆਂ ਵਿਚ ਵੰਡ ਲਈ ਸੀ। ਮੱਥੇ ਤੇ ਗਾਚਣੀ ਜਿਹੀ ਲਾਕੇ ਤਿੰਨ ਲਕੀਰਾਂ ਖਿੱਚ ਲਈਆਂ। ਅੱਖਾਂ ਵਿਚ ਬਾਹਰਲੇ ਪਾਸੇ ਲੰਬਾ ਕੱਜਲਾ ਖਿਚ ਲਿਆ। ਹੱਥ ਵਿਚ ਇਕ ਸੰਗਲੀ ਅਤੇ ਇਕ ਪੋਥੀ ਫੜ ਲਈ। ਜੋਤਸ਼ੀ ਦਾ ਐਸਾ ਰੂਪ ਧਾਰਿਆ ਕਿ ਭਾਈ ਬਹੋੜੂ ਜੀ ਵੀ ਪਛਾਣ ਨਾ ਸਕੇ। ਭਾਈ ਬਿਧੀ ਚੰਦ ਨੇ ਜਾਣ ਤੋਂ ਪਹਿਲਾਂ ਅਰਦਾਸ ਕੀਤੀ,"ਸਤਿਗੁਰੂ ਜੀ, ਹੁਣ ਮੂੰਹੋਂ ਵੀ ਉਹ ਕੁਝ ਕਢਵਾ ਲੈਣਾ ਜੋ ਪੁੱਛਣ ਵਾਲੇ ਦੇ ਦਿਲ ਵਿਚ ਹੋਵੇ"।

ਐਸੀ ਠਾਠ ਵਾਲਾ ਜੋਤਸ਼ੀ ਜਦ ਬਜ਼ਾਰ ਵਿਚ ਛੋਟੇ ਛੋਟੇ ਕਦਮ ਪੁੱਟਦਾ ਹੋਇਆ ਜਾ ਰਿਹਾ ਸੀ। ਲੋਕੀਂ ਉਸਦੇ ਪਹਿਰਾਵੇ ਅਤੇ ਮਸਤਾਨੀ ਤੋਰ ਨੂੰ ਵੇਖ ਕੇ ਹੈਰਾਨ ਹੋ ਰਹੇ ਸਨ। ਕਿਸੇ ਸ਼ਾਹੀ

ਰਿਆਸਤ ਦਾ ਜੋਤਸ਼ੀ ਜਾਣ ਕੇ ਲੋਕੀਂ ਉਸ ਨੂੰ ਸਲਾਮਾਂ ਤੇ ਨਮਸਕਾਰਾਂ ਕਰ ਰਹੇ ਸਨ। ਭਾਈ ਬਿਧੀ ਚੰਦ ਸੱਭ ਨੂੰ ਆਸ਼ੀਰਵਾਦ ਦੇ ਰਿਹਾ ਸੀ। ਭਾਈ ਬਿਧੀ ਚੰਦ ਸ਼ਾਹੀ ਕਿਲੇ ਦੇ ਨੇੜੇ ਪਿੱਪਲ ਥੱਲੇ ਬਣੇ ਥੜੇ ਉਪਰ ਇਕ ਰੇਸ਼ਮੀ ਚਾਦਰ ਵਿਛਾ ਕੇ ਬੈਠ ਗਏ ਹਨ। ਆਪਣੇ ਸਾਹਮਣੇ ਇਕ ਹੋਰ ਛੋਟਾ ਚਿੱਟਾ ਰੇਸ਼ਮੀ ਕੱਪੜਾ ਵਿਛਾ ਕੇ ਉਪਰ ਪੋਥੀ ਖੋਲ ਲਈ ਹੈ। ਸੰਗਲੀ ਨੂੰ ਸੁੱਟਦੇ ਅਤੇ ਕਦੀ ਪੋਥੀ ਖੋਲ੍ਹਦੇ ਫਿਰ ਕਦੇ ਸੰਗਲੀ ਨੂੰ ਸੁੰਘਦੇ ਭਾਈ ਬਿਧੀ ਚੰਦ ਐਸੀ ਐਕਟਿੰਗ ਕਰ ਰਹੇ ਸਨ ਕਿ ਲੋਕਾਂ ਦੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ। ਕਿਸੇ ਵੱਲੋਂ ਕੋਈ ਪੁੱਛ ਪੁੱਛਣ ਤੇ ਉਹ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਅਜਿਹਾ ਕਿਆਸ ਲਗਾਉਂਦੇ ਕਿ ਉਹ ਠੀਕ ਹੀ ਹੁੰਦਾ। ਭੀੜ ਇਕੱਠੀ ਹੋਈ ਵੇਖ ਕੇ ਸੌਂਧੇ ਖਾਂ ਵੀ ਉਥੇ ਆ ਗਿਆ। ਭਾਈ ਜੀ ਇਹੀ ਤਾਂ ਚਾਹੁੰਦੇ ਸਨ। ਦਰੋਗੇ ਨੂੰ ਵੇਖ ਕੇ ਭੀੜ ਥੋੜੀ ਪਿੱਛੇ ਹਟ ਗਈ। ਭਾਈ ਬਿਧੀ ਚੰਦ ਬੋਲੇ,"ਸਾਹਿਬ ਨੂੰ ਸਲਾਮ ਅਰਜ਼ ਹੈ"। ਉਸ ਨੇ ਪੁੱਛਿਆ,'ਤੁਸੀਂ ਕੌਣ ਹੋ? ਕਿਹੜੇ ਦੇਸ ਤੋਂ ਆਏ ਹੋ?' ਸੌਂਧੇ ਖਾਂ ਨੂੰ ਆਪਣੇ ਰੂਪ ਤੇ ਮੋਹਿਤ ਹੋਇਆ ਦੇਖ ਕੇ ਭਾਈ ਬਿਧੀ ਚੰਦ ਨੇ ਗੁਰੂ ਜੀ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਦਰੋਗੇ ਨੇ ਉਸ ਨੂੰ ਪਛਾਣਿਆਂ ਨਹੀਂ। ਫਿਰ ਇਕ ਵੱਖਰੇ ਅੰਦਾਜ਼ ਵਿਚ ਬੋਲੇ,"ਅਸੀਂ ਜਾਨਵਰ ਦੇਸ ਦੀ ਜਾਂਗਲੀ ਵਿਦਿਆ ਹਾਸਲ ਕੀਤੀ ਹੋਈ ਹੈ। ਆਪਣੇ ਗੁਰੂ ਦੀ ਸੇਵਾ ਕਰਕੇ ਹਾਸਲ ਕੀਤੇ ਇਲਮ ਅਨੁਸਾਰ ਅੱਗਾ ਪਿੱਛਾ ਦੇਖ ਸਕਦੇ ਹਾਂ"। ਸੌਂਧੇ ਖਾਂ ਬੋਲਿਆ,'ਮੇਰੇ ਦਿਲ ਦੀ ਗੱਲ ਵੀ ਬੁੱਝ ਸਕੇਂਗਾ'। ਭਾਈ ਬਿਧੀ ਚੰਦ ਨੇ ਕਿਹਾ,"ਦਿਲਾਂ ਦੀਆਂ ਬੁੱਝਣ ਲਈ ਹੀ ਤਾਂ ਤੇਰੇ ਨਗਰ ਆਏ ਹਾਂ ਜਨਾਬ ਜੀ"। ਭਾਈ ਜੀ ਨੇ ਸੰਗਲੀ ਨੂੰ ਸੌਂਧੇ ਖਾਂ ਦਾ ਹੱਥ ਲਵਾ ਕੇ ਹੇਠਾਂ ਸੁੱਟਿਆ। ਫਿਰ ਉਸਨੂੰ ਦੋ ਤਿੰਨ ਵਾਰੀ ਸੁੰਘਿਆ। ਅਸਲ ਵਿਚ ਉਹ ਮਨ ਹੀ ਮਨ ਗੁਰੂ ਸਾਹਿਬ ਜੀ ਦਾ ਧਿਆਨ ਧਰ ਰਹੇ ਸਨ। ਅਚਾਨਕ ਹੀ ਭਾਈ ਬਿਧੀ ਚੰਦ ਨੂੰ ਗੁਰੂ ਸਾਹਿਬ ਜੀ ਦੀ ਕ੍ਰਿਪਾ ਸਦਕਾ ਦਿਮਾਗ ਵਿਚ ਆਇਆ ਕਿ ਉਹ ਪਰਤਾਵਾ ਲੈਣ ਲਈ ਪਹਿਲਾਂ ਘੋੜੇ ਦੀ ਗੱਲ ਨਹੀਂ ਸੋਚੇਗਾ। ਪਿਛਲੇ ਮਹੀਨੇ ਉਸਦੇ ਨੇੜੇ ਰਹਿਣ ਕਾਰਨ ਉਹ ਇਹ ਜਾਣ ਚੁੱਕੇ ਸਨ ਕਿ ਸੌਂਧੇ ਖਾਂ ਪੁੱਤਰ ਦੀ ਬੀਮਾਰੀ ਕਰਕੇ ਪ੍ਰੇਸ਼ਾਨ ਰਹਿੰਦਾ ਸੀ। ਹੋਵੇ ਨਾ ਇਸ ਨੇ ਮਨ ਵਿਚ ਪੁੱਤਰ ਬਾਰੇ ਹੀ ਸੋਚਿਆ ਹੈ। "ਸਾਹਬ ਬੱਚੇ ਦੀ ਬੀਮਾਰੀ ਕਰਕੇ ਪ੍ਰੇਸ਼ਾਨ ਰਹਿੰਦੇ ਹਨ"। ਭਾਈ ਬਿਧੀ ਚੰਦ ਨੇ ਕਹਿੰਦੇ ਹੋਏ ਆਪਣੀ ਦ੍ਰਿਸ਼ਟੀ ਨਾਲ ਉਸਦਾ ਚਿਹਰਾ ਪੜ੍ਹ ਲਿਆ ਕਿ ਪੱਤਾ ਠੀਕ ਹੀ ਸੁੱਟਿਆ ਗਿਆ ਹੈ। ਫਿਰ ਕੀ? ਪੁੱਤਰ ਦਾ ਨਾਮ, ਉਸਦੀ ਉਮਰ, ਉਸਦੀ ਬੀਮਾਰੀ, ਘਰ ਦਾ ਪਤਾ ਸੱਭ ਕੁਝ ਦੱਸ ਦਿਤਾ। ਫਿਰ ਤਾਂ ਇਲਾਜ ਲਈ ਦਵਾਈ ਬੂਟੀ ਵੀ ਦੱਸਣੀ ਸ਼ੁਰੂ ਕਰ ਦਿੱਤੀ। ਸੌਂਧੇ ਖਾਂ ਨੇ ਹਾਕਮ ਨੂੰ ਦੱਸ ਪਾਈ। ਹਾਕਮ ਨੇ ਭਾਈ ਬਿਧੀ ਚੰਦ ਨੂੰ ਮਹਿਲਾਂ ਵਿਚ ਬੁਲਾ ਲਿਆ। ਹਾਕਮ ਨੇ ਘੋੜੇ ਬਾਰੇ ਪੁੱਛਿਆ। ਉਹੀ ਸੰਗਲੀ ਵਾਲੀ ਐਕਟਿੰਗ ਕਰਕੇ ਸਾਰੀ ਘਟਨਾ ਹੂਬਹੂ ਬਿਆਨ ਕਰ ਦਿੱਤੀ। ਦੱਸਣ ਦਾ ਤਰੀਕਾ ਇਸ ਤਰ੍ਹਾਂ ਦਾ ਸੀ ਕਿ ਵੱਡੇ ਵੱਡੇ ਨੱਟ (Actor) ਵੀ ਅਜਿਹੀ ਨਕਲ ਨਾ ਕਰ ਸਕਣ। ਸੂਬੇਦਾਰ ਨੇ ਕਿਹਾ,"ਹੁਣ ਘੋੜਾ ਕਿਥੇ ਹੈ? ਲੈਕੇ ਜਾਣ ਵਾਲੇ ਦਾ ਨਾਮ ਕੀ ਹੈ? ਉਸਦੇ ਪਿਛੇ ਕਿਹੜੀ ਤਾਕਤ ਕੰਮ ਕਰ ਰਹੀ ਹੈ?... ਜੇ ਕਰ ਇਹ ਦੱਸ ਦੇਂਵੇ ਤਾਂ ਮੂੰਹ ਮੰਗਿਆਂ ਇਨਾਮ ਦੇਵਾਂਗੇ। ਕਿਉਂਕਿ ਹੁਣ ਗੱਲ ਘੋੜੇ ਦੀ ਨਹੀਂ ਰਹੀ। ਗੱਲ ਤਾਂ ਸ਼ਾਹੀ ਮਹਿਲਾਂ ਵਿਚੋਂ ਚੋਰੀ ਦੀ ਹੈ"। ਭਾਈ ਬਿਧੀ ਚੰਦ ਨੇ ਕਿਹਾ,"ਇਸ ਸਮੇਂ ਤਾਂ ਇਹ ਦੱਸਣਾ ਮੁਸ਼ਕਿਲ ਹੈ। ਹਾਂ, ਦੱਸਿਆ ਜਾ ਸਕਦਾ ਹੈ, ਜੇਕਰ ਉਹੀ ਸਮਾਂ ਹੋਵੇ। ਸਾਰੇ ਪਹਿਰੇਦਾਰ ਉਸੇ ਤਰ੍ਹਾਂ ਹੋਣ। ਉਸੇ ਤਰ੍ਹਾਂ ਤਾਲੇ ਲੱਗੇ ਹੋਣ। ਉਸ ਘੋੜੇ ਦੀ ਥਾਂ ਤੇ ਇਹ ਘੋੜਾ

ਤਿਆਰ ਹੋਵੇ''। ਸੌਂਧੇ ਖਾਂ ਇਕ ਦਮ ਬੋਲਿਆ,''ਉਸ ਸਮੇਂ ਤਾਂ ਸਾਰੇ ਪਹਿਰੇਦਾਰ ਉਸ ਘਾਹੀ ਨੇ ਬੇਹੋਸ਼ ਕਰ ਰੱਖੇ ਸਨ''। ਭਾਈ ਬਿਧੀ ਚੰਦ ਬੋਲੇ,''ਵਿਵਸਥਾ ਤਾਂ ਸਾਰੀ ਉਹੀ ਬਣਾਉਣੀ ਪਵੇਗੀ। ਤਾਲੇ ਵੀ ਜਿਥੇ ਜਿਥੇ ਲੱਗੇ ਹੋਏ ਸੀ ਉਸੇ ਤਰ੍ਹਾਂ ਲਾਉਣੇ ਪੈਣਗੇ। ਹਾਂ, ਤੁਸੀਂ ਉਥੇ ਬਿਰਾਜ ਸਕਦੇ ਹੋ। ਰਾਜਾ ਜੀ ਉਥੇ ਬਿਰਾਜ ਸਕਦੇ ਹਨ''। ਸੂਬੇਦਾਰ ਤਾਂ ਪੂਰਨ ਰੂਪ ਵਿਚ ਭਾਈ ਬਿਧੀ ਚੰਦ ਵੱਲੋਂ ਵਿਛਾਏ ਜਾਲ ਵਿਚ ਫ਼ੱਸ ਚੁੱਕਿਆ ਸੀ। ਉਸ ਨੇ ਝੱਟ ਪੱਟ ਸਹਿਮਤੀ ਦੇ ਦਿੱਤੀ।

ਉਹੀ ਮਾਹੌਲ ਪੈਦਾ ਕੀਤਾ ਗਿਆ। ਅਨਾਇਤ ਉੱਲਾ ਖਾਂ ਲਈ ਕੁਰਸੀ ਲਗਾਈ ਗਈ। ਸੌਂਧੇ ਖਾਂ ਕੋਲ ਖੜਾ ਹੈ। ਭਾਈ ਬਿਧੀ ਚੰਦ ਨੇ ਆਪਣੀ ਸੰਗਲੀ ਘੋੜੇ ਦੇ ਮੱਥੇ ਨਾਲ ਛੂਹਾ ਕੇ ਹੇਠਾਂ ਸੁੱਟੀ। ਉਸ ਦੇ ਕੰਨ ਵਿਚ ਦਿਲਬਾਗ ਦੇ ਕੋਲ ਲੈ ਜਾਣ ਦੀ ਗੱਲ ਕੀਤੀ। ਫਿਰ ਜੰਜੀਰ ਨੂੰ ਚੁੱਕ ਕੇ ਸੁੰਘਿਆਂ। ਘੋੜੇ ਤੇ ਕਾਠੀ ਪਾਈ ਅਤੇ ਉਪਰ ਚੜ੍ਹ ਕੇ ਤਬੇਲੇ ਦਾ ਚੱਕਰ ਲਗਾਇਆ। ਦਰਿਆ ਵਾਲੀ ਦੀਵਾਰ ਕੋਲ ਵੀ ਲੈ ਕੇ ਗਿਆ। ਫਿਰ ਕੋਲ ਆ ਕੇ ਗੁਰੂ ਜੀ ਨੂੰ ਧਿਆ ਕੇ ਬੋਲੇ,''ਘੋੜਾ ਦਿਖਾਈ ਦੇ ਰਿਹਾ ਹੈ। ਕੇਵਲ ਜਗ੍ਹਾ ਦੀ ਪਛਾਣ ਕਰਨੀ ਬਾਕੀ ਹੈ। ਫਿਰ ਤਬੇਲੇ ਦੇ ਦੋ ਤਿੰਨ ਹੋਰ ਚੱਕਰ ਲਗਾ ਕੇ ਘੋੜੇ ਨੂੰ ਗਰਮ ਕੀਤਾ ਅਤੇ ਚੱਕਰ ਲਗਾਉਂਦੇ ਹੋਏ ਉੱਚੀ ਆਵਾਜ਼ ਵਿਚ ਬੋਲੇ,''ਘੋੜਾ ਇਸ ਸਮੇਂ ਖੜਾ ਹੈ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਬੇਲੇ ਵਿਚ। ਗੁਰੂ ਸਾਹਿਬ ਜੀ ਦਾ ਡੇਰਾ ਹੈ ਇਸ ਸਮੇਂ ਕਾਂਗੜ ਦੇਸ਼। ਮੇਰਾ ਨਾਮ ਹੈ ਬਿਧੀ ਚੰਦ। ਸਿੱਖ ਹਾਂ ਮੈਂ ਗੁਰੂ ਦਾ। ਤਾਕਤ ਹੈ ਮੇਰੇ ਪਿਛੇ ਗੁਰੂ ਨਾਨਕ ਸਾਹਿਬ ਦੀ ਜੋਤ ਦੀ। ਪਹਿਲਾ ਘੋੜਾ ਵੀ ਮੈਂ ਲੈ ਕੇ ਗਿਆ ਸੀ। ਇਹ ਵੀ ਮੈਂ ਲੈ ਕੇ ਜਾ ਰਿਹਾ ਹਾਂ, ਮੂੰਹੋਂ ਮੰਗੇ ਇਨਾਮ ਦੇ ਰੂਪ ਵਿਚ। ਮੁਨਾਦੀ ਵਾਲਾ ਇਨਾਮ ਤੇਰੇ ਸਿਰ ਕਰਜ਼ ਰਿਹਾ। ਭੇਜ ਦੇਵੇਂਗਾ ਤਾਂ ਠੀਕ, ਨਹੀਂ ਤਾਂ ਦਰਗਾਹ ਵਿਚ ਦੇਣਾ ਪਵੇਗਾ''। ਇਤਨਾ ਕਹਿ ਕੇ ਘੋੜੇ ਨੂੰ ਅੱਡੀ ਲਗਾਈ। ਸੂਬੇਦਾਰ ਨੂੰ ਘੋੜਾ ਬਾਜ ਵਾਂਗਰਾਂ ਉਡਦਾ ਹੀ ਦਿਖਾਈ ਦਿੱਤਾ। ਤਬੇਲੇ ਵਿਚ ਦੋਵਾਂ ਨੇ ਫੜੋ ਫੜੋ ਦਾ ਰੌਲਾ ਪਾਇਆ, ਪਰ ਫੜੇ ਕੌਣ?



ਭਾਈ ਬਿਧੀ ਚੰਦ ਗਿੱਲੇ ਬਸਤਰ ਹੋਣ ਦੇ ਬਾਵਜੂਦ ਮਾਘ ਮਹੀਨੇ ਦੀ ਠੰਢ ਦੀ ਪ੍ਰਵਾਹ ਨਾ ਕਰਦੇ ਹੋਏ ਗੁਰਬਾਣੀ ਸ਼ਬਦ ਗਾਇਨ ਕਰਦੇ ਉਡੀ ਜਾ ਰਹੇ ਸਨ:

ਆਸਾ ਮਹਲਾ 5

"ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥" (ਪਾਵਨ ਅੰਗ 403)

ਹਰੀ ਕੇ ਪੱਤਣ ਲੰਘ ਕੇ ਭਾਈ ਬਿਧੀ ਚੰਦ ਨੇ ਇਕ ਸਿੱਖ ਦੇ ਘਰ ਉਤਾਰਾ ਕੀਤਾ। 'ਗੁਲਬਾਗ' ਦੀ ਮਾਲਸ਼ ਕੀਤੀ। ਅਗਲੇ ਦਿਨ ਉਹ ਗੁਰੂ ਜੀ ਪਾਸ ਪਹੁੰਚੇ। ਦੀਵਾਨ ਦੀ ਸਮਾਪਤੀ ਹੋ ਚੁੱਕੀ ਹੈ। ਕੁਝ ਸੰਗਤ ਜਾ ਚੁਕੀ ਹੈ ਅਤੇ ਕੁਝ ਸੰਗਤ ਮਿਲਣ ਲਈ ਬੈਠੀ ਹੈ। ਗੁਰੂ ਜੀ ਭਾਈ ਜੋਧ ਨਾਲ ਭਾਈ ਬਿਧੀ ਚੰਦ ਦੀਆਂ ਹੀ ਗੱਲਾਂ ਕਰ ਰਹੇ ਹਨ। ਸੇਵਕ ਨੇ ਆ ਕੇ ਦੱਸਿਆ ਕਿ ਭਾਈ ਜੀ ਘੋੜਾ ਲੈ ਕੇ ਆ ਗਏ ਹਨ। ਗੁਰੂ ਸਾਹਿਬ ਜੀ ਆਪ ਉਠ ਕੇ ਬਾਹਰ ਗਏ। ਭਾਈ ਬਿਧੀ ਚੰਦ ਨੂੰ ਜੱਫੀ ਵਿਚ ਲਿਆ। ਅਰ ਬਚਨ ਕੀਤੇ:

"ਭਾਈ ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ।
ਪ੍ਰੇਮ ਭਗਤ ਲੀਨਾ, ਕੋਈ ਕਮੀ ਨਾ"।

ਫਿਰ 'ਗੁਲਬਾਗ' ਨੂੰ ਹੱਥ ਫੇਰ ਕੇ ਪਿਆਰ ਦਿੱਤਾ। 'ਗੁਲਬਾਗ' ਨੂੰ 'ਦਿਲਬਾਗ' ਕੋਲ ਭੇਜ ਕੇ ਭਾਈ ਬਿਧੀ ਚੰਦ ਨੂੰ ਆਪ ਬਾਂਹ ਤੋਂ ਫੜ ਕੇ ਸੰਗਤ ਵਿਚ ਲੈ ਕੇ ਆਏ ਅਰ ਬਚਨ ਕੀਤੇ,"ਭਾਈ ਬਿਧੀ ਚੰਦ, ਤੈਂ ਬੜੇ ਭਾਰੀ ਉਪਕਾਰ ਕਰੇ। ਤੇਰੀ ਸੁੱਧ ਬੁੱਧ ਬੜੀ ਬਚਿਤ੍ਰ ਹੈ। ਤੈਂ ਖੋਸੜੇ ਤੁਰਕਾਂ ਨੂੰ ਛਲ ਕੇ ਗੁਰੂ ਘਰ ਦੀ ਭਾਰੀ ਟਹਿਲ ਕੀਤੀ ਹੈ। ਤੇਰੀ ਇਹ ਕਥਾ ਜੋ ਕੋਈ ਪੜ੍ਹੇ, ਸੁਣੇਗਾ, ਉਸ ਨੂੰ ਸਿੱਖੀ ਸਿਦਕ ਪ੍ਰਾਪਤ ਹੋਵੇਗਾ"।(ਇਹ ਬਚਨ ਇਤਿਹਾਸਕ ਗ੍ਰੰਥ 'ਤਵਾਰੀਖ ਗੁਰੂ ਖਾਲਸਾ' ਵਿਚ ਦਰਜ ਹਨ) ਭਾਈ ਬਿਧੀ ਚੰਦ ਨੇ ਅਤਿ ਨਿਮਰ ਹੋ ਕੇ ਬੇਨਤੀ ਕੀਤੀ,"ਸੱਚੇ ਪਾਤਸ਼ਾਹ! ਸੱਭ ਆਪ ਦੀ ਵਡਿਆਈ ਹੈ। ਤੁਸਾਡੀ ਕਿਰਪਾ ਬਿਨਾ ਏਹ ਤੁੱਛ ਜੀਵ ਕੀ ਕਰ ਸਕਦਾ ਸੀ। ਤੁਰਕ ਛਲੇ ਤਾਂ ਤੇਰੀ ਮਾਇਆ ਨੇ। ਘੋੜੇ ਲਿਆਂਦੇ ਤਾਂ ਤੇਰੇ ਪ੍ਰਤਾਪ ਨੇ। ਮੈਂਨੂੰ ਤਾਂ ਵਿਚਾਲੇ ਬਹਾਨਾ ਬਣਾ ਧਰਿਆ ਹੈ। ਆਪ ਦੀ ਅਨੰਤ ਸ਼ਕਤੀ ਹੈ। ਸੱਭ ਕੁਝ ਕਰਾਉਣ ਵਾਲੇ ਆਪ ਹੋ। ਏਹ ਜੋ ਕੁਝ ਹੋਇਆ ਹੈ; ਸੱਭ ਆਪ ਦੀ ਖੇਡ ਹੈ। ਫਿਰ ਧੰਨ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀਆਂ ਤੁਕਾਂ ਦਾ ਉਚਾਰਣ ਕੀਤਾ:

ਕਰਣ ਕਰਾਵਣਹਾਰ ਸੁਆਮੀ॥
ਸਗਲ ਘਟਾ ਕੇ ਅੰਤਰਜਾਮੀ॥ (ਪਾਵਨ ਅੰਗ 178)

ਭਾਈ ਬਿਧੀ ਚੰਦ ਜੀ ਦੀ ਇਸ ਘੋੜੇ ਲਿਆਉਣ ਵਾਲੀ ਵਾਰਤਾ ਦੀ ਤਰ੍ਹਾਂ ਮੁਗਲਾਂ ਵੱਲੋਂ ਸੰਗਤ ਤੋਂ ਜ਼ਬਰਦਸਤੀ ਖੋਹੇ ਦੁਸ਼ਾਲੇ ਅਤੇ ਗਹਿਣੇ ਵੀ ਗੁਰੂ ਸਾਹਿਬ ਜੀ ਕਿਰਪਾ ਨਾਲ ਵਾਪਸ ਲਿਆਂਦੇ ਗਏ ਸਨ। ਗੁਰੂ ਸਾਹਿਬ ਜੀ ਉਪਰ ਪਠਾਣਾਂ ਅਤੇ ਮੁਗਲਾਂ ਵੱਲੋਂ ਜਬਰੀ ਥੋਪੀਆਂ ਗਈਆਂ ਜੰਗਾਂ ਵਿਚ ਵੀ ਭਾਈ ਬਿਧੀ ਚੰਦ ਜੀ ਨੇ ਬੇਮਿਸਾਲ ਕਰਤਬ ਵਿਖਾਏ।

ਮਾਲਵੇ ਅਤੇ ਕਰਤਾਰ ਪੁਰ ਦੀ ਜੰਗ ਤੋਂ ਬਾਅਦ ਗੁਰੂ ਸਾਹਿਬ ਜੀ ਪ੍ਰਚਾਰ ਵੱਲ ਜ਼ਿਆਦਾ ਧਿਆਨ ਦੇਣਾ ਚਾਹੁੰਦੇ ਸਨ। ਇਸ ਲਈ ਡੇਰਾ ਕੀਰਤਪੁਰ ਸਾਹਿਬ ਲੈ ਆਂਦਾ। ਕੀਰਤਪੁਰ ਨੂੰ ਜਾਂਦੇ ਹੋਏ ਹੀ ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਚਰਨ ਨਗਰ ਇਕੋਲਾਹਾ ਵਿਚ ਪਾਕੇ ਨਗਰ ਨੂੰ

ਪਵਿੱਤਰ ਕੀਤਾ ਸੀ। ਉਸ ਤੋਂ ਪਿਛੋਂ ਗੁਰੂ ਸਾਹਿਬ ਜੀ ਨੇ ਸ਼ੌਂਟੀ ਪਿੰਡ ਵਿਚ ਵਿਸ਼ਰਾਮ ਕੀਤਾ। ( ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ ਗ੍ਰੰਥ ਤਵਾਰੀਖ ਗੁਰੂ ਖਾਲਸਾ )

ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਭਾਈ ਬਿਧੀ ਚੰਦ ਨੂੰ ਆਪਣੇ ਪੁੱਤਰਾਂ ਵਾਂਗੂੰ ਪਿਆਰ ਕਰਦੇ ਸਨ। ਇਕ ਵਾਰੀ ਭਾਈ ਸੁਭਾਗ ਜੀ ਨੇ ਪੰਜ ਇਰਾਕੀ ਘੋੜੇ ਭੇਟ ਕੀਤੇ। ਗੁਰੂ ਸਾਹਿਬ ਜੀ ਨੇ ਇਕ ਘੋੜਾ ਭਾਈ ਗੁਰਦਿੱਤਾ ਜੀ ਨੂੰ, ਇਕ ਭਾਈ ਸੂਰਜ ਮੱਲ ਜੀ ਨੂੰ ਅਤੇ ਇਕ ਭਾਈ ਬਿਧੀ ਚੰਦ ਜੀ ਨੂੰ ਦਿੱਤਾ। ਦੋ ਘੋੜੇ ਆਪਣੇ ਲਈ ਰੱਖੇ। ਪੁੱਤਰਾਂ ਦੀਆਂ ਗਲਤੀਆਂ ਵਾਂਗ ਹੀ ਗੁਰੂ ਸਾਹਿਬ ਜੀ ਉਹਨਾਂ ਦੀਆਂ ਗਲਤੀਆਂ ਨੂੰ ਵੀ ਮੁਆਫ਼ ਕਰ ਦਿਆ ਕਰਦੇ ਸਨ। ਇਕ ਦਿਨ ਸ਼ਾਮ ਨੂੰ ਗੁਰੂ ਸਾਹਿਬ ਜੀ ਆਪਣੀ ਮੌਜ ਵਿਚ ਇਸ ਇਰਾਕੀ ਘੋੜੇ ਉਪਰ ਇਰਾਕੀ ਪੁਸ਼ਾਕ ਪਾ ਕੇ, ਕਲਗੀ ਸਜਾ ਕੇ ਅਤੇ ਬਾਜ ਨੂੰ ਨਾਲ ਲੈਕੇ ਸੈਰ ਲਈ ਨਿਕਲੇ। ਭਾਈ ਬਿਧੀ ਚੰਦ ਨੂੰ ਗੁਰੂ ਸਾਹਿਬ ਜੀ ਦੇ ਇਸ ਰੂਪ ਨੇ ਮੰਤਰ ਮੁਗਧ ਕਰ ਦਿੱਤਾ। ਉਹ ਮੁਸੱਵਰ (ਲੱਕੜੀ ਉਪਰ ਮੂਰਤੀਆਂ ਬਣਾਉਣ ਵਾਲੇ) ਨੂੰ ਨਾਲ ਲੈ ਆਏ। ਗੁਰੂ ਸਾਹਿਬ ਜੀ ਨੂੰ ਸੈਰ ਕਰਦੇ ਨੂੰ ਲੱਭ ਕੇ ਮੁਸੱਵਰ ਨੂੰ ਅਜਿਹੇ ਹੀ ਰੂਪ ਵਿਚ ਮੂਰਤ ਬਣਾਉਣ ਦੀ ਬੇਨਤੀ ਕੀਤੀ। ਕੁਝ ਹੀ ਦਿਨਾਂ ਵਿਚ ਉਸਨੇ ਮੂਰਤ ਬਣਾ ਕੇ ਭਾਈ ਬਿਧੀ ਚੰਦ ਨੂੰ ਦੇ ਦਿੱਤੀ। ਭਾਈ ਬਿਧੀ ਚੰਦ ਨੇ ਮੂਰਤ ਗੁਰੂ ਸਾਹਿਬ ਜੀ ਨੂੰ ਵਿਖਾਈ। ਗੁਰੂ ਸਾਹਿਬ ਜੀ ਮੁਸੱਵਰ ਦੀ ਕਲਾ ਤੋਂ ਪ੍ਰਸੰਨ ਹੋਏ। ਭਾਈ ਬਿਧੀ ਚੰਦ ਦੀ ਭਾਵਨਾ ਨੂੰ ਸਮਝਦੇ ਹੋਏ ਉਹਨਾਂ ਨਾਲ ਕਿਸੇ ਕਿਸਮ ਦੀ ਨਰਾਜ਼ਗੀ ਜ਼ਾਹਰ ਨਾ ਕੀਤੀ ਸਗੋਂ ਗੁਰਸਿੱਖੀ ਦੇ ਸਿਧਾਂਤ ਦੱਸਦੇ ਹੋਏ ਉਸਨੂੰ ਅੱਗੇ ਤੋਂ ਅਜਿਹਾ ਕਰਨ ਲਈ ਮਨ੍ਹਾਂ ਕਰ ਦਿੱਤਾ। ਭਾਈ ਬਿਧੀ ਚੰਦ ਵਲੋਂ ਮੁਆਫ਼ੀ ਮੰਗਣ ਤੇ ਨਾ ਕੇਵਲ ਉਸ ਨੂੰ ਮੁਆਫ਼ ਹੀ ਕੀਤਾ ਸਗੋਂ ਉਹ ਮੂਰਤ ਵੀ ਭਾਈ ਬਿਧੀ ਚੰਦ ਨੂੰ ਹੀ ਦੇ ਦਿੱਤੀ। ਅੱਜ ਵੀ ਇਹ ਮੂਰਤ ਪਿੰਡ ਸੁਰ ਸਿੰਘ ਵਿਖੇ ਭਾਈ ਬਿਧੀ ਚੰਦ ਦੇ ਡੇਰੇ ਵਿਚ ਮੌਜੂਦ ਹੈ। ਸੰਗਤਾਂ ਨੂੰ ਮਹੀਨੇ ਵਿਚ ਇਕ ਵਾਰੀ ਇਸ ਦੇ ਦਰਸ਼ਨ ਕਰਵਾਏ ਜਾਂਦੇ ਹਨ।

ਪੀਰ ਬੁੱਢਣ ਸ਼ਾਹ ਦਾ ਇਕ ਚੇਲਾ ਸੁੰਦਰ ਸ਼ਾਹ, ਦੇਉ ਨਗਰ ਵਿਚ ਜੋ ਅਯੁੱਧਿਆ ਦੇ ਨੇੜੇ ਪੈਂਦਾ ਹੈ, ਪੀਰ ਦੀ ਗੱਦੀ ਦਾ ਪ੍ਰਚਾਰ ਕਰਦਾ ਸੀ। ਉਥੇ ਉਸ ਦੀ ਬਹੁਤ ਮਾਨਤਾ ਸੀ। ਕਈ ਨਵਾਬ ਅਤੇ ਅਮੀਰ ਅਹਿਲਕਾਰ ਉਸ ਦੇ ਸ਼ਰਧਾਲੂ ਸਨ। ਇਕ ਵਾਰੀ ਉਹ ਆਪਣੇ ਗੁਰੂ, ਪੀਰ ਬੁੱਢਣ ਸ਼ਾਹ ਦੇ ਅਸਥਾਨ ਤੇ ਕੀਰਤਪੁਰ ਸਾਹਿਬ ਆਇਆ। ਇਥੇ ਆ ਕੇ ਉਸ ਨੂੰ ਪਤਾ ਚੱਲਿਆ ਕਿ ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਇਥੇ ਬੈਠ ਕੇ ਪੀਰ ਜੀ ਦੀ ਸਮਾਧ ਬਣਵਾਈ ਹੈ ਤਾਂ ਉਹ ਸ਼ੁਕਰਾਨਾ ਕਰਨ ਗੁਰੂ ਸਾਹਿਬ ਜੀ ਕੋਲ ਆਇਆ। ਉਸ ਸਮੇਂ ਦੀਵਾਨ ਸਜਿਆ ਹੋਇਆ ਸੀ। ਗੁਰੂ ਸਾਹਿਬ ਜੀ ਆਪ ਸੰਗਤ ਨੂੰ ਮੁਖਾਤਿਬ ਹੋ ਰਹੇ ਸਨ। ਦੀਵਾਨ ਦੀ ਸਮਾਪਤੀ ਤੋਂ ਬਾਅਦ ਉਸਦੀ ਗੁਰੂ ਸਾਹਿਬ ਜੀ ਨਾਲ ਚਰਚਾ ਹੋਈ। ਫਿਰ ਉਸਨੂੰ ਲੰਗਰ ਛਕਾਇਆ ਗਿਆ। ਉਹ ਸਿੱਖ ਮੱਤ ਦੇ ਪ੍ਰਚਾਰ, ਲੰਗਰ ਪ੍ਰਥਾ, ਸਾਦਗੀ ਅਤੇ ਸੱਭ ਧਰਮਾਂ ਦੇ ਹੁੰਦੇ ਸਤਿਕਾਰ ਨੂੰ ਵੇਖ ਕੇ ਇਤਨਾ ਪ੍ਰਭਾਵਿਤ ਹੋਇਆ ਕਿ ਉਸਨੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਸਨੂੰ ਵੀ ਆਪਣਾ ਸਿੱਖ ਬਣਾ ਲਉ। ਇਸ ਦੌਰਾਨ ਭਾਈ ਬਿਧੀ ਚੰਦ ਨਾਲ ਉਸਦਾ ਬੜਾ ਪਿਆਰ ਪੈ ਗਿਆ। ਦੋਵੇਂ ਗਿਆਨ ਚਰਚਾ ਵਿਚ ਇਤਨੇ ਮਸਤ ਹੋ ਜਾਂਦੇ ਸਨ ਕਿ ਉਹਨਾਂ ਨੂੰ ਸਮੇਂ ਦਾ ਧਿਆਨ ਹੀ ਨਹੀਂ ਸੀ ਰਹਿੰਦਾ। ਅਜਿਹੇ ਹੀ ਮਸਤੀ ਦੇ ਪਲਾਂ ਵਿਚ ਉਹ

ਇਕ ਦੂਜੇ ਨਾਲ ਪ੍ਰਣ ਕਰ ਬੈਠੇ ਕਿ ਉਹ ਆਪਣਾ ਸਰੀਰ ਇਕੋ ਸਮੇਂ ਇਕੋ ਥਾਂ ਤੇ ਇਕੱਠੇ ਹੀ ਛੱਡਣਗੇ। ਭਾਈ ਸੁੰਦਰ ਸ਼ਾਹ ਕਈ ਮਹੀਨੇ ਗੁਰੂ ਸਾਹਿਬ ਜੀ ਕੋਲ ਕੀਰਤਪੁਰ ਸਾਹਿਬ ਰਿਹਾ। ਗੁਰੂ ਜੀ ਨੇ ਅਸ਼ੀਰਵਾਦ ਦੇ ਕੇ ਦੇਉ ਨਗਰ ਭੇਜਿਆ ਅਤੇ ਉਥੇ ਸਿੱਖੀ ਦਾ ਪ੍ਰਚਾਰਕ ਥਾਪਿਆ।

ਸਮਾਂ ਬੀਤਦਾ ਗਿਆ। ਭਾਈ ਬਿਧੀ ਚੰਦ ਸੇਵਾ ਸਿਮਰਨ ਵਿਚ ਜੁੜੇ ਰਹੇ। ਬ੍ਰਹਮ ਗਿਆਨਤਾ ਦੀ ਅਵਸਥਾ ਵਿਚ ਤਾਂ ਉਹ ਸਨ ਹੀ। ਆਪਣਾ ਅੰਤਿਮ ਸਮਾਂ ਆਇਆ ਜਾਣ ਕੇ ਉਹਨਾਂ ਨੇ ਭਾਈ ਸੁੰਦਰ ਸ਼ਾਹ ਨਾਲ ਕੀਤੇ ਪ੍ਰਣ ਬਾਰੇ ਗੁਰੂ ਸਾਹਿਬ ਜੀ ਨੂੰ ਦੱਸਿਆ ਅਤੇ ਦੇਉ ਨਗਰ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਜੀ ਨੇ ਪ੍ਰਵਾਨਗੀ ਦੇ ਦਿੱਤੀ। ਨਾਲ ਹੀ ਹੁਕਮ ਕੀਤਾ ਕਿ ਜਿਤਨੀ ਦੇਰ ਦੇਹ ਰੂਪੀ ਚੋਲਾ ਹੈ,ਉਤਨੀ ਦੇਰ ਸਿੱਖੀ ਦਾ ਪ੍ਰਚਾਰ ਕਰਨਾ ਹੈ। ਵਿਦਾਇਗੀ ਦੇ ਸਮੇਂ ਜਦੋਂ ਉਹ ਗੁਰੂ ਸਾਹਿਬ ਜੀ ਨੂੰ ਮਿਲੇ ਤਾਂ ਭਾਈ ਬਿਧੀ ਚੰਦ ਤਾਂ ਆਪਣੇ ਨੇਤਰਾਂ ਦੇ ਜਲ ਨਾਲ ਗੁਰੂ ਸਾਹਿਬ ਜੀ ਦੇ ਚਰਨ ਧੋ ਹੀ ਰਿਹਾ ਸੀ ਖੁਦ ਗੁਰੂ ਸਾਹਿਬ ਜੀ ਦੇ ਨੇਤਰਾਂ ਵਿਚ ਵੀ ਜਲ ਉਤਰ ਆਇਆ। ਗੁਰੂ ਸਾਹਿਬ ਜੀ ਦੇ ਅਤਿ ਨਜ਼ਦੀਕੀ ਸਿੱਖਾਂ ਨੇ ਧੰਨ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਨੇਤਰਾਂ ਵਿਚ ਅੱਜ ਦੂਜੀ ਵਾਰ ਜਲ ਦੇਖਿਆ ਸੀ। ਪਹਿਲੀ ਵਾਰ ਭਾਈ ਬੁੱਢਾ ਜੀ ਦੀ ਅੰਤਿਮ ਵਿਦਾਈ ਵੇਲੇ ਤੇ ਹੁਣ ਦੂਜੀ ਵਾਰ ਭਾਈ ਬਿਧੀ ਚੰਦ ਜੀ ਨੂੰ ਵਿਦਾਇਗੀ ਦੇਣ ਵੇਲੇ। ਕੁਝ ਸਮਾਂ ਇਸੇ ਤਰ੍ਹਾਂ ਬੈਰਾਗ ਦੀ ਅਵਸਥਾ ਵਿਚ ਰਹੇ। ਫਿਰ ਫ਼ੁਰਮਾਨ ਕੀਤਾ,"ਭਾਈ ਬਿਧੀ ਚੰਦ, ਜੇ ਕੋਈ ਤੇਰੇ ਮੇਰੇ ਵਿਚ ਭੇਦ ਮੰਨੇਗਾ ਉਸਨੂੰ ਸਿੱਖੀ ਸਿਦਕ ਪ੍ਰਾਪਤ ਨਾ ਹੋਵੇਗਾ। ਕਰਤਾਰ ਦੀ ਆਗਿਆ ਇਸੇ ਤਰ੍ਹਾਂ ਹੈ, ਸੋ ਖੁਸ਼ੀ ਪਾਲਣੀ ਚਾਹੀਦੀ ਹੈ"। ਗੁਰੂ ਜੀ ਅਤੇ ਸੰਗਤ ਕਾਫੀ ਦੂਰ ਤੱਕ ਭਾਈ ਬਿਧੀ ਚੰਦ ਜੀ ਨੂੰ ਛੱਡਣ ਗਏ।

ਦੇਉ ਨਗਰ ਨੂੰ ਜਾਂਦਿਆਂ ਰਸਤੇ ਵਿਚ ਭਾਈ ਬਿਧੀ ਚੰਦ ਜਿਥੇ ਵੀ ਪੜਾਅ ਕਰਦੇ ਤਾਂ 4-5 ਦਿਨ ਰੁਕ ਕੇ ਸਿੱਖੀ ਦਾ ਪ੍ਰਚਾਰ ਕਰਦੇ। ਸਿੱਖੀ ਮਾਰਗ ਨਾਲ ਸੰਗਤ ਨੂੰ ਜੋੜਦੇ। ਦੇਉ ਨਗਰ ਵਿਚ ਵੀ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਮਾਹੌਲ ਤਾਂ ਭਾਈ ਸੁੰਦਰ ਸ਼ਾਹ ਨੇ ਪਹਿਲਾਂ ਹੀ ਤਿਆਰ ਕੀਤਾ ਹੋਇਆ ਸੀ। ਸਾਰੀ ਸੰਗਤ ਨੂੰ ਦੋਹਾਂ ਦੇ ਕੀਤੇ ਪ੍ਰਣ ਦਾ ਵੀ ਪਤਾ ਸੀ। ਆਖਰ ਉਹ ਦਿਨ ਵੀ ਆਇਆ। ਇਤਿਹਾਸ ਨੇ ਇਹ ਵੇਖਿਆ ਕਿ ਭਾਈ ਬਿਧੀ ਚੰਦ ਜੀ ਅਤੇ ਭਾਈ ਸੁੰਦਰ ਸ਼ਾਹ ਜੀ ਨੇ ਇਕੋ ਸਮੇਂ ਇਕੋ ਸਥਾਨ ਉਪਰ ਆਪਣਾ ਦੇਹ ਰੂਪੀ ਚੋਲ਼ਾ ਛੱਡਿਆ। ਅਰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਇਹ ਦਿਨ ਸੀ 15 ਅਗਸਤ 1638 ਈਸਵੀ ( ਭਾਦੋਂ ਸੁਦੀ 3 ਸੰਮਤ 1695)। ਅੱਜ ਕੱਲ ਦਿਉ ਨਗਰ ਵਿਚ ਇਕੋ ਥਾਂ ਤੇ ਭਾਈ ਬਿਧੀ ਚੰਦ ਜੀ ਦੀ ਸਮਾਧ ਅਤੇ ਭਾਈ ਸੁੰਦਰ ਸ਼ਾਹ ਜੀ ਦੀ ਕਬਰ ਬਣੀ ਹੋਈ ਹੈ। ਭਾਈ ਕਾਹਨ ਸਿੰਘ ਜੀ ਨਾਭਾ ਨੇ ਇਹ ਵੀ ਲਿਖਿਆ ਹੈ ਕਿ ਭਾਈ ਬਿਧੀ ਚੰਦ ਦੇ ਭਰਾ ਭਾਈ ਉਧੀ ਚੰਦ ਦੇ ਪੁੱਤਰ ਭਾਈ ਲਾਲ ਚੰਦ ਜੀ ਨੇ ਦਿਉ ਨਗਰ ਤੋਂ ਭਾਈ ਬਿਧੀ ਚੰਦ ਜੀ ਦੀ ਸਮਾਧੀ ਤੋਂ ਮਿੱਟੀ ਲਿਆ ਕੇ ਇਕ ਸਮਾਧ ਪਿੰਡ ਸੁਰ ਸਿੰਘ ਵਿਚ ਵੀ ਬਣਾ ਦਿੱਤੀ ਸੀ।

ਸਿੱਖ ਇਤਿਹਾਸ ਵਿਚ ਭਾਈ ਬਿਧੀ ਚੰਦ ਜੀ ਆਪਣੇ ਬਹੁਪੱਖੀ ਗੁਣਾਂ ਕਾਰਨ ਆਪਣੀ ਮਿਸਾਲ ਆਪ ਹਨ। ਗੁਰਬਾਣੀ ਨਾਲ ਪਿਆਰ ਇਤਨਾ ਕਿ ਜਾਂ ਤਾਂ ਗੁਰਬਾਣੀ ਯਾਦ ਕਰਦੇ ਹੁੰਦੇ ਜਾਂ ਗਾਇਨ ਕਰਦੇ ਹੁੰਦੇ। ਦਲੇਰੀ ਅਤੇ ਜੁਅਰੱਤ ਇਤਨੀ ਕਿ ਭੇਸ ਬਦਲ ਕੇ ਤੁਰਕਾਂ ਦੀ ਫੌਜ ਵਿਚ ਜਾ ਕੇ

ਛਾਪਾ ਮਾਰ ਆਉਂਦੇ। ਹਾਜ਼ਰ ਦਿਮਾਗੀ ਇਤਨੀ ਕਿ ਪਲ ਛਿਨ ਵਿਚ ਹੀ ਕੋਈ ਯੋਜਨਾ ਘੜ ਲੈਂਦੇ। ਨਾਟ ਕਲਾ ਇਤਨੀ ਕਿ ਸ਼ਾਹੀ ਤਬੇਲੇ ਵਿਚ ਮਹੀਨਾ ਭਰ ਰਹਿਣ ਦੇ ਬਾਵਜੂਦ ਵੀ ਦੂਜੀ ਵਾਰ ਕੋਈ ਪਛਾਣ ਨਹੀਂ ਸਕਿਆ। ਸਿਦਕ ਅਤੇ ਭਰੋਸਾ ਇਤਨਾ ਕਿ ਗੁਰੂ ਨੂੰ ਸਦਾ ਅੰਗ ਸੰਗ ਸਮਝਦੇ। ਨਿਰਮਾਣਤਾ ਇਤਨੀ ਕਿ ਸੱਭ ਤਾਣ ਮਾਣ ਹੁੰਦੇ ਹੋਏ ਆਪਣੇ ਆਪ ਨੂੰ ਕੀਟ ਸਮਝਦੇ। ਪ੍ਰੀਵਰਤਨ ਇਤਨਾ ਕਿ ਇਕ ਚੋਰ ਧਾੜਵੀ ਤੋਂ ਬ੍ਰਹਮ ਗਿਆਨੀ ਬਣੇ। ਬ੍ਰਹਮ ਗਿਆਨੀ ਇਤਨੇ ਕਿ ਆਪਣਾ ਅੰਤਮ ਸਮਾਂ ਤਾਂ ਕਈ ਮਹਾਂਪੁਰਸ਼ ਜਾਣ ਲੈਦੇਂ ਹਨ ਪਰ ਦੂਜੇ ਦਾ ਅੰਤਮ ਸਮਾਂ ਜਾਣਨਾ ਬ੍ਰਹਮ ਗਿਆਨਤਾ ਦੀ ਹੱਦ ਹੈ।

ਪਿਆਰ ਨਾਲ ਬੋਲੋ ਜੀ:

ਧੰਨ ਗੁਰੂ ਹਰਗੋਬਿੰਦ ਸਾਹਿਬ ਜੀ
ਧੰਨ ਭਾਈ ਬਿਧੀ ਚੰਦ ਜੀ

*********************

## ਇਤਿਹਾਸ ਅਤੇ ਗੁਰਮਤਿ ਬਾਰੇ ਸੁਆਲ ਜੁਆਬ

ਪ੍ਰਸ਼ਨ: ਸਿੱਖ ਧਰਮ ਦੇ ਬਾਨੀ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ?

ਉਤਰ: ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਸਨ। ਉਹਨਾਂ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ ( ਹੁਣ ਦਾ ਨਾਮ ਨਨਕਾਣਾ ਸਾਹਿਬ, ਪਾਕਿਸਤਾਨ ) ਵਿਚ ਹੋਇਆ।

ਪ੍ਰਸ਼ਨ: ਸਿੱਖਾਂ ਦੇ ਦੂਜੇ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ? ਉਹਨਾਂ ਦਾ ਪਹਿਲਾ ਨਾਮ ਕੀ ਸੀ?

ਉਤਰ: ਸਿੱਖਾਂ ਦੇ ਦੂਜੇ ਗੁਰੂ ਸਾਹਿਬ ਦਾ ਨਾਮ ਗੁਰੂ ਅੰਗਦ ਦੇਵ ਜੀ ਸੀ। ਉਹਨਾਂ ਦਾ ਪ੍ਰਕਾਸ਼ 1504 ਈਸਵੀ ਨੂੰ ਪਿੰਡ ਮੱਤੇ ਕੀ ਸਰਾਂ ਵਿਚ ਹੋਇਆ। ਜੋ ਕਿ ਹੁਣ ਮੁਕਤਸਰ ਜ਼ਿਲੇ ਵਿਚ ਹੈ। ਇਹਨਾਂ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ।

ਪ੍ਰਸ਼ਨ: ਸਿੱਖਾਂ ਦੇ ਤੀਜੇ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ?

ਉਤਰ: ਸਿੱਖਾਂ ਦੇ ਤੀਜੇ ਗੁਰੂ ਅਮਰ ਦਾਸ ਜੀ ਸਨ। ਉਹਨਾਂ ਦਾ ਪ੍ਰਕਾਸ਼ 1479 ਈਸਵੀ ਨੂੰ ਪਿੰਡ ਬਾਸਰਕੇ ਗਿੱਲਾਂ ਵਿਚ ਹੋਇਆ। ਜੋ ਹੁਣ ਅਮ੍ਰਿਤਸਰ ਜ਼ਿਲੇ ਵਿਚ ਹੈ।

ਪ੍ਰਸ਼ਨ: ਸਿੱਖਾਂ ਦੇ ਚੌਥੇ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ? ਉਹਨਾਂ ਦਾ ਪਹਿਲਾ ਨਾਮ ਕੀ ਸੀ?

ਉਤਰ: ਸਿੱਖਾਂ ਦੇ ਚੌਥੇ ਗੁਰੂ ਸਾਹਿਬ ਦਾ ਨਾਮ ਗੁਰੂ ਰਾਮ ਦਾਸ ਜੀ ਸੀ। ਉਹਨਾਂ ਦਾ ਪ੍ਰਕਾਸ਼ 1534 ਈਸਵੀ ਨੂੰ ਚੂਨਾ ਮੰਡੀ ਲਾਹੌਰ ਵਿਚ ਹੋਇਆ। ਜੋ ਹੁਣ ਪੱਛਮੀ ਪੰਜਾਬ, ਪਾਕਿਸਤਾਨ ਵਿਚ ਪੈਂਦਾ ਹੈ। ਉਹਨਾਂ ਦਾ ਪਹਿਲਾ ਨਾਮ ਭਾਈ ਜੇਠਾ ਜੀ ਸੀ।

ਪ੍ਰਸ਼ਨ: ਸਿੱਖਾਂ ਦੇ ਪੰਜਵੇਂ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ?

ਉਤਰ: ਸਿੱਖਾਂ ਦੇ ਪੰਜਵੇਂ ਗੁਰੂ ਸਾਹਿਬ ਦਾ ਨਾਮ ਗੁਰੂ ਅਰਜਨ ਦੇਵ ਜੀ ਸੀ। ਉਹਨਾਂ ਦਾ ਪ੍ਰਕਾਸ਼ 1563 ਈਸਵੀ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਚ ਹੋਇਆ। ਜੋ ਹੁਣ ਤਰਨਤਾਰਨ ਜ਼ਿਲੇ ਵਿਚ ਪੈਂਦਾ ਹੈ।

ਪ੍ਰਸ਼ਨ: ਸਿੱਖਾਂ ਦੇ ਛੇਵੇਂ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ?

ਉਤਰ: ਸਿੱਖਾਂ ਦੇ ਛੇਵੇਂ ਗੁਰੂ ਸਾਹਿਬ ਦਾ ਨਾਮ ਗੁਰੂ ਹਰਗੋਬਿੰਦ ਜੀ ਸੀ। ਉਹਨਾਂ ਦਾ ਪ੍ਰਕਾਸ਼ 1595 ਈਸਵੀ ਨੂੰ ਗੁਰੂ ਕੀ ਵਡਾਲੀ ਵਿਚ ਹੋਇਆ। ਜੋ ਹੁਣ ਸ੍ਰੀ ਅੰਮ੍ਰਿਤਸਰ ਜ਼ਿਲੇ ਵਿਚ ਪੈਂਦਾ ਹੈ।

ਪ੍ਰਸ਼ਨ: ਸਿੱਖਾਂ ਦੇ ਸੱਤਵੇਂ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ?

ਉਤਰ: ਸਿੱਖਾਂ ਦੇ ਸੱਤਵੇਂ ਗੁਰੂ ਸਾਹਿਬ ਦਾ ਨਾਮ ਗੁਰੂ ਹਰਿਰਾਇ ਸਾਹਿਬ ਜੀ ਸੀ। ਉਹਨਾਂ ਦਾ ਪ੍ਰਕਾਸ਼ 1630 ਈਸਵੀ ਨੂੰ ਸ੍ਰੀ ਕੀਰਤਪੁਰ ਸਾਹਿਬ ਵਿਚ ਹੋਇਆ। ਜੋ ਹੁਣ ਰੂਪ ਨਗਰ (ਰੋਪੜ) ਜ਼ਿਲੇ ਵਿਚ ਪੈਂਦਾ ਹੈ।

ਪ੍ਰਸ਼ਨ: ਸਿੱਖਾਂ ਦੇ ਅੱਠਵੇਂ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ?

ਉਤਰ: ਸਿੱਖਾਂ ਦੇ ਅੱਠਵੇਂ ਗੁਰੂ ਸਾਹਿਬ ਦਾ ਨਾਮ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸੀ। ਉਹਨਾਂ ਦਾ ਪ੍ਰਕਾਸ਼ 1656 ਈਸਵੀ ਨੂੰ ਸ੍ਰੀ ਕੀਰਤਪੁਰ ਸਾਹਿਬ ਵਿਚ ਹੋਇਆ। ਜਿਥੇ ਹੁਣ ਸ਼ੀਸ਼ ਮਹੱਲ ਗੁਰੂਦੁਆਰਾ ਸਾਹਿਬ ਸੁਸ਼ੋਬਿਤ ਹੈ।

ਪ੍ਰਸ਼ਨ: ਸਿੱਖਾਂ ਦੇ ਨੌਵੇਂ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ?

ਉਤਰ: ਸਿੱਖਾਂ ਦੇ ਨੌਵੇਂ ਗੁਰੂ ਸਾਹਿਬ ਦਾ ਨਾਮ ਗੁਰੂ ਤੇਗ ਬਹਾਦਰ ਜੀ ਸੀ। ਉਹਨਾਂ ਦਾ ਪ੍ਰਕਾਸ਼ 1621 ਈਸਵੀ ਨੂੰ ਸ੍ਰੀ ਅੰਮ੍ਰਿਤਸਰ ਵਿਚ ਹੋਇਆ। ਜਿਥੇ ਹੁਣ ਗੁਰੂ ਕੇ ਮਹੱਲ ਗੁਰੂਦੁਆਰਾ ਸੁਸ਼ੋਬਿਤ ਹੈ।

ਪ੍ਰਸ਼ਨ: ਸਿੱਖਾਂ ਦੇ ਦਸਵੇਂ ਗੁਰੂ ਸਾਹਿਬ ਕੌਣ ਸਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ? ਉਹਨਾਂ ਦਾ ਪਹਿਲਾ ਨਾਮ ਕੀ ਸੀ।

ਉਤਰ: ਸਿੱਖਾਂ ਦੇ ਦਸਵੇਂ ਗੁਰੂ ਸਾਹਿਬ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਸੀ। ਉਹਨਾਂ ਦਾ ਪ੍ਰਕਾਸ਼ 1666 ਈਸਵੀ ਨੂੰ ਸ੍ਰੀ ਪਟਨਾ ਸਾਹਿਬ, ਬਿਹਾਰ ਵਿਚ ਹੋਇਆ। ਉਹਨਾਂ ਦਾ ਪਹਿਲਾ ਨਾਮ ਗੋਬਿੰਦ ਰਾਇ ਸੀ।

ਪ੍ਰਸ਼ਨ: ਸਿੱਖਾਂ ਦੇ ਗਿਆਰਵੇਂ ਗੁਰੂ ਸਾਹਿਬ ਕੌਣ ਹਨ? ਉਹਨਾਂ ਦਾ ਪ੍ਰਕਾਸ਼ ਕਦੋਂ ਅਤੇ ਕਿਥੇ ਹੋਇਆ?

ਉਤਰ: ਸਿੱਖਾਂ ਦੇ ਗਿਆਰਵੇਂ ਗੁਰੂ ਜੁੱਗੋ ਜੁੱਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਹਨ। ਇਹ ਮੌਯੂਦਾ ਗੁਰੂ ਜੀ ਹਨ ਅਤੇ ਅੱਜ ਵੀ ਸਿੱਖਾਂ ਦੀ ਅਗਵਾਈ ਕਰ ਰਹੇ ਹਨ। ਪਹਿਲਾ ਪ੍ਰਕਾਸ਼ 1604 ਈਸਵੀ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਹੋਇਆ।

ਪ੍ਰਸ਼ਨ: ਗੁਰੂ ਗੋਬਿੰਦ ਸਿੰਘ ਜੀ ਨੂੰ ਕਿੰਨੀ ਉਮਰ ਵਿਚ ਗੁਰਗੱਦੀ ਮਿਲੀ ਅਤੇ ਕਿਥੇ?

ਉਤਰ: 9 ਸਾਲ ਦੀ ਉਮਰ ਵਿਚ ਸ੍ਰੀ ਆਨੰਦਪੁਰ ਸਾਹਿਬ ਵਿਖੇ।

ਪ੍ਰਸ਼ਨ: ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦਾ ਨਾਮ ਦੱਸੋ? ਮਾਤਾ ਜੀ ਤੇ ਪਿਤਾ ਜੀ ਦਾ ਵਿਆਹ ਕਦੋਂ ਹੋਇਆ ਸੀ? ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਹਨਾਂ ਦੇ ਵਿਆਹ ਤੋਂ ਕਿੰਨੇ ਸਾਲ ਬਾਅਦ ਹੋਇਆ?

ਉਤਰ: ਮਾਤਾ ਗੁਜਰ ਕੌਰ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ। ਇਹਨਾਂ ਦਾ ਵਿਆਹ 1632 ਈਸਵੀ ਵਿਚ ਹੋਇਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਇਹਨਾਂ ਦੇ ਵਿਆਹ ਤੋਂ 34 ਸਾਲ ਬਾਅਦ ਹੋਇਆ।

ਪ੍ਰਸ਼ਨ: ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨਾਨਕਾ ਪਿੰਡ ਕਿਹੜਾ ਸੀ? ਇਹਨਾਂ ਨੇ ਵਿਦਿਆ ਕਿਹਨਾਂ ਦੀ ਨਿਗਰਾਨੀ ਹੇਠ ਪ੍ਰਾਪਤ ਕੀਤੀ ਅਤੇ ਇਹਨਾਂ ਨੇ ਕਦੋਂ ਅਤੇ ਕਿਹੜੀ ਜੰਗ ਵਿਚ ਤੇਗ ਦੇ ਜੌਹਰ ਵਿਖਾਏ? ਉਸ ਸਮੇਂ ਇਹਨਾਂ ਦੀ ਉਮਰ ਕਿੰਨੀ ਸੀ?

ਉਤਰ: ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨਾਨਕਾ ਪਿੰਡ ਬਕਾਲਾ ਸੀ, ਜੋ ਅੱਜ ਕੱਲ਼ ਬਾਬਾ ਬਕਾਲਾ ਦੇ ਨਾਮ ਨਾਲ ਮਸ਼ਹੂਰ ਹੈ। ਗੁਰੂ ਸਾਹਿਬ ਜੀ ਨੇ ਸ਼ਸਤਰ ਅਤੇ ਸ਼ਾਸਤਰ ਦੀ ਵਿਦਿਆ ਆਪਣੇ ਪਿਤਾ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਪ੍ਰਾਪਤ ਕੀਤੀ। ਤੇਗ ਦੇ ਜੌਹਰ ਇਹਨਾਂ ਨੇ 1634 ਈਸਵੀ ਵਿਚ ਛੇਂਵੇਂ ਪਾਤਸ਼ਾਹ ਵੱਲੋਂ ਲੜੀ ਗਈ ਕਰਤਾਰਪੁਰ ਦੀ ਜੰਗ ਸਮੇਂ ਵਿਖਾਏ। ਉਸ ਸਮੇਂ ਇਹਨਾਂ ਦੀ ਉਮਰ ਕੇਵਲ 14 ਸਾਲ ਸੀ।

ਪ੍ਰਸ਼ਨ: ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਕਦੋਂ ਅਤੇ ਕਿਥੇ ਹੋਈ? ਇਹ ਕਿੰਨਾ ਸਮਾਂ ਗੁਰਗੱਦੀ ਤੇ ਬਿਰਾਜਮਾਨ ਰਹੇ? ਉਸ ਸਮੇਂ ਤੱਕ ਇਹਨਾਂ ਵੱਲੋਂ ਕਿਤਨੀ ਬਾਣੀ ਉਚਾਰੀ ਗਈ? ਇਹਨਾਂ ਵੱਲੋਂ ਉਚਾਰੇ ਗਏ ਰਾਗ ਦਾ ਕੀ ਨਾਮ ਹੈ? ਇਹ ਰਾਗ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਿੰਨੇ ਨੰਬਰ ਦਾ ਰਾਗ ਹੈ?

ਉਤਰ: ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ 1675 ਈਸਵੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਜੀ 11 ਸਾਲ ਗੁਰਗੱਦੀ ਤੇ ਬਿਰਾਜਮਾਨ ਰਹੇ। ਇਹਨਾਂ ਵੱਲੋਂ 59 ਸ਼ਬਦ ਅਤੇ 57 ਸਲੋਕ ਉਚਾਰੇ ਗਏ। ਇਹਨਾਂ ਵੱਲੋਂ ਜੈਜਵੰਤੀ ਰਾਗ ਦੀ ਰਚਨਾ ਕੀਤੀ ਗਈ ਅਤੇ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ 31ਵਾਂ ਅਤੇ ਆਖ਼ਰੀ ਰਾਗ ਹੈ।

ਪ੍ਰਸ਼ਨ: ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦਾ ਕੀ ਨਾਮ ਹੈ। ਗੁਰੂ ਸਾਹਿਬ ਜੀ ਦਾ ਇਹ ਨਾਮ ਕਿਵੇਂ ਰੱਖਿਆ ਗਿਆ?

ਉਤਰ: ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮਾਤਾ ਜੀ ਦਾ ਨਾਮ ਕ੍ਰਿਸ਼ਨ ਕੌਰ ਅਤੇ ਪਿਤਾ ਜੀ ਦਾ ਨਾਮ ਗੁਰੂ ਹਰਿਰਾਇ ਸਾਹਿਬ ਸੀ। ਇਹਨਾਂ ਦਾ ਨਾਮ ਰੱਖਣ ਸਮੇਂ 'ਹਰਿ' ਪਿਤਾ ਜੀ ਦੇ ਨਾਮ ਵਿਚੋਂ ਅਤੇ 'ਕ੍ਰਿਸ਼ਨ' ਮਾਤਾ ਜੀ ਦੇ ਨਾਮ ਵਿਚੋਂ ਲਿਆ ਗਿਆ।

ਪ੍ਰਸ਼ਨ: ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਕਿੰਨੀ ਉਮਰ ਵਿਚ ਮਿਲੀ ਅਤੇ ਉਹ ਕਿੰਨਾ ਸਮਾਂ ਗੁਰਗੱਦੀ ਤੇ ਬਿਰਾਜਮਾਨ ਰਹੇ? ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਹਨਾਂ ਬਾਰੇ ਕੀ ਉਚਾਰਨ ਕੀਤਾ ਅਤੇ ਉਹ ਕਿਸ ਬਾਣੀ ਵਿਚ ਦਰਜ ਹੈ?

ਉਤਰ: ਗੁਰੂ ਹਰਿਕ੍ਰਿਸ਼ਨ ਸਾਹਿਬ ਕੇਵਲ 5 ਸਾਲ ਦੀ ਉਮਰ ਵਿਚ 1661 ਈਸਵੀ ਨੂੰ ਗੁਰਗੱਦੀ ਉਪਰ ਬਿਰਾਜਮਾਨ ਹੋਏ। ਕੇਵਲ 3 ਸਾਲ ਉਹ ਗੁਰੂ ਪਦਵੀ ਤੇ ਬਿਰਾਜਮਾਨ ਰਹਿ ਕੇ 1664 ਈਸਵੀ ਵਿਚ ਜੋਤੀ ਜੋਤ ਸਮਾ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਹਨਾਂ ਦੀ ਸ਼ਖਸੀਅਤ ਬਾਰੇ ਉਚਾਰਨ ਕੀਤਾ, "ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ॥" ਇਹ ਤੁੱਕ ਦਸਵੇਂ ਪਾਤਸ਼ਾਹ ਵੱਲੋਂ ਰਚੀ ਗਈ ਬਾਣੀ 'ਚੰਡੀ ਦੀ ਵਾਰ' ਦਾ ਮੰਗਲਾਚਰਨ ਹੈ ਅਤੇ ਗੁਰਸਿੱਖਾਂ ਵਲੋਂ ਕੀਤੀ ਜਾਂਦੀ ਅਰਦਾਸ ਦਾ ਪਹਿਲਾ ਬੰਦ ਹੈ।

ਪ੍ਰਸ਼ਨ: ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਥੇ ਮੌਜੂਦ ਸੰਗਤ ਨੇ ਉਹਨਾਂ ਦੇ ਮੁਖਾਰਬਿੰਦ ਤੋਂ "ਬਾਬਾ ਬਕਾਲੇ" ਦਾ ਉਚਾਰਣ ਸੁਣਿਆ। ਇਹਨਾਂ ਦੋ ਸ਼ਬਦਾਂ ਦਾ ਕੀ ਭਾਵ ਸੀ?

ਉਤਰ: ਇਹਨਾਂ ਦੋ ਸ਼ਬਦਾਂ ਦਾ ਭਾਵ ਸੀ ਕਿ 'ਬਕਾਲੇ' ਨਗਰ ਵਿਚ ਨਿਵਾਸ ਕਰ ਰਹੇ ਸ੍ਰੀ ਤੇਗ ਬਹਾਦਰ ਜੀ, ਜੋ ਕਿ ਰਿਸ਼ਤੇ ਵਿਚ ਉਹਨਾਂ ਦੇ 'ਬਾਬਾ ਜੀ' ਲਗਦੇ ਹਨ, ਉਹ ਸਿੱਖਾਂ ਦੇ ਅਗਲੇ ਗੁਰੂ ਹੋਣਗੇ।

ਪ੍ਰਸ਼ਨ: ਗੁਰੂ ਹਰਿਰਾਇ ਸਾਹਿਬ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ? ਉਹਨਾਂ ਦੇ ਮਾਤਾ ਜੀ ਅਤੇ ਪਿਤਾ ਜੀ ਦਾ ਕੀ ਨਾਮ ਸੀ। ਗੁਰਗੱਦੀ ਤੇ ਕਿੰਨੀ ਉਮਰ ਵਿਚ ਕਦੋਂ ਸੁਭਾਇਮਾਨ ਹੋਏ ਅਤੇ ਕਿੰਨਾ ਸਮਾਂ ਗੁਰਤਾ ਗੱਦੀ ਤੇ ਬਿਰਾਜਮਾਨ ਰਹੇ?

ਉਤਰ: ਗੁਰੂ ਹਰਿਰਾਇ ਸਾਹਿਬ ਜੀ ਸਿੱਖਾਂ ਦੇ 7ਵੇਂ ਗੁਰੂ ਸਨ। ਮਾਤਾ ਜੀ ਦਾ ਨਾਮ ਨਿਹਾਲ ਕੌਰ ਅਤੇ ਪਿਤਾ ਜੀ ਦਾ ਨਾਮ ਬਾਬਾ ਗੁਰਦਿੱਤਾ ਜੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਹਨਾਂ ਨੂੰ 14 ਸਾਲ ਦੀ ਉਮਰ ਵਿਚ 1644 ਈਸਵੀ ਨੂੰ ਗੁਰਗੱਦੀ ਸੌਂਪੀ। ਉਹ 17 ਸਾਲ ਗੁਰਗੱਦੀ ਤੇ ਬਿਰਾਜਮਾਨ ਰਹੇ।

ਪ੍ਰਸ਼ਨ: ਗੁਰੂ ਹਰਿਰਾਇ ਸਾਹਿਬ ਜੀ ਨੇ ਸਿੱਖੀ ਦੇ ਪ੍ਰਚਾਰ ਅਤੇ ਪਾਸਾਰ ਲਈ ਕਿਹੜੇ ਕਿਹੜੇ ਵਿਸ਼ੇਸ਼ ਯਤਨ ਕੀਤੇ?

ਉਤਰ: 1. ਉਹਨਾਂ ਨੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨ ਲਈ ਮਾਝੇ, ਮਾਲਵੇ ਅਤੇ ਦੁਆਬੇ ਦੇ ਇਲਾਕਿਆਂ ਦੇ ਦੌਰੇ ਕੀਤੇ।

2. ਸਿੱਖੀ ਦੇ ਪਾਸਾਰ ਲਈ ਤਿੰਨ ਕੇਂਦਰ ਸਥਾਪਿਤ ਕੀਤੇ। ਜਿਨਾਂ ਦੇ ਨਾਮ ਸਨ: ਸੁਥਰੇਸ਼ਾਹੀ ਕੇਂਦਰ, ਭਗਤ ਭਗਵਾਨੀਏ ਕੇਂਦਰ ਅਤੇ ਸੰਗਤ ਸਾਹਿਬੀਏ ਕੇਂਦਰ।

3. ਆਪ ਜੀ ਨੇ ਕੀਰਤਪੁਰ ਸਾਹਿਬ ਵਿਖੇ ਦਵਾਈਆਂ ਵਾਲੇ ਪੌਦਿਆਂ ਅਤੇ ਜੜੀਆਂ ਬੂਟੀਆਂ ਦਾ ਬਾਗ ਲਗਵਾਇਆ ਅਤੇ ਇਕ ਦਵਾਖ਼ਾਨਾ ਖੋਲਿਆ ਜਿਥੇ ਕਿਸੇ ਵੀ ਧਰਮ ਦੇ ਰੋਗੀਆਂ ਦਾ ਬਿਨਾਂ ਕਿਸੇ ਭੇਦ ਭਾਵ ਤੋਂ ਇਲਾਜ ਕੀਤਾ ਜਾਂਦਾ ਸੀ।

4. ਵੱਡੇ ਗੁਰੂ ਸਾਹਿਬ ਜੀ ਦੀ ਬਾਣੀ ਬਦਲਣ ਅਤੇ ਸਿੱਖੀ ਦੇ ਸਿਧਾਂਤ ਤੋਂ ਉਲਟ ਜਾ ਕੇ ਕਰਾਮਾਤ ਵਿਖਾਉਣ ਵਾਲੇ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਸਦਾ ਲਈ ਮੱਥੇ ਨਾ ਲੱਗਣ ਦਾ ਹੁਕਮ ਦੇ ਕੇ ਆਉਣ ਵਾਲੀਆਂ ਪੀੜੀਆਂ ਲਈ ਇਹ ਪਿਰਤ ਪਾਈ ਕਿ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੇ ਅਸੂਲਾਂ ਨੂੰ ਤੋੜਨ ਵਾਲੇ ਨੂੰ ਸਿੱਖ ਧਰਮ ਵਿਚ ਕਦੇ ਵੀ ਬਖਸ਼ਿਆ ਨਹੀਂ ਜਾਵੇਗਾ ਚਾਹੇ ਉਹ ਕਿਸੇ ਵੀ ਰੁਤਬੇ ਤੇ ਹੋਵੇ।

ਪ੍ਰਸ਼ਨ: ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦਾ ਕੀ ਨਾਮ ਸੀ। ਗੁਰਗੱਦੀ ਤੇ ਕਿੰਨੀ ਉਮਰ ਵਿਚ ਕਦੋਂ ਸੁਭਾਇਮਾਨ ਹੋਏ ਅਤੇ ਕਿੰਨਾ ਸਮਾਂ ਗੁਰਤਾ ਗੱਦੀ ਤੇ ਬਿਰਾਜਮਾਨ ਰਹੇ? ਉਹਨਾਂ ਨੂੰ ਮੀਰੀ ਅਤੇ ਪੀਰੀ ਦੇ ਮਾਲਕ ਕਿਉਂ ਕਿਹਾ ਜਾਂਦਾ ਹੈ?

ਉਤਰ: ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਗੰਗਾ ਜੀ ਅਤੇ ਪਿਤਾ ਜੀ ਦਾ ਨਾਮ ਗੁਰੂ ਅਰਜਨ ਦੇਵ ਜੀ ਸੀ। 25 ਮਈ 1606 ਈਸਵੀ ਨੂੰ 11 ਸਾਲ ਦੀ ਉਮਰ ਵਿਚ ਗੁਰਤਾ ਗੱਦੀ ਤੇ ਬਿਰਾਜਮਾਨ ਹੋਏ ਅਤੇ 1644 ਈਸਵੀ ਤੱਕ 38 ਸਾਲ ਗੁਰੂ ਪਦਵੀ ਤੇ ਬਿਰਾਜਮਾਨ ਰਹੇ। ਭਗਤੀ ਅਤੇ ਸ਼ਕਤੀ ਦੀਆਂ ਦੋ ਤਲਵਾਰਾਂ ਪਹਿਨਣ ਦੇ ਕਾਰਨ ਉਹਨਾਂ ਨੂੰ 'ਮੀਰੀ ਪੀਰੀ ਦੇ ਮਾਲਕ' ਕਿਹਾ ਜਾਂਦਾ ਹੈ।

ਪ੍ਰਸ਼ਨ: ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕਿੰਨੇ ਬੱਚੇ ਸਨ? ਉਹਨਾਂ ਦੇ ਨਾਮ ਦੱਸੋ?

ਉਤਰ: ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਅਤੇ ਇਕ ਸਪੁੱਤਰੀ ਸੀ। ਸਪੁੱਤਰਾਂ ਦੇ ਨਾਮ ਬਾਬਾ ਗੁਰਦਿੱਤਾ ਜੀ, ਸ੍ਰੀ ਸੂਰਜ ਮੱਲ ਜੀ, ਸ੍ਰੀ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ ਅਤੇ ਗੁਰੂ ਤੇਗ ਬਹਾਦਰ ਜੀ ਸੀ। ਸਪੁੱਤਰੀ ਦਾ ਨਾਮ ਬੀਬੀ ਵੀਰੋ ਜੀ ਸੀ।

ਪ੍ਰਸ਼ਨ: ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿੰਨੇ ਕਿਲੇ ਬਣਾਏ?

ਉਤਰ: ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਇਕ ਕਿਲੇ ਦੀ ਉਸਾਰੀ ਕਰਵਾਈ ਜਿਸ ਦਾ ਨਾਮ ਲੋਹਗੜ੍ਹ ਦਾ ਕਿਲਾ ਹੈ।

ਪ੍ਰਸ਼ਨ: ਜ਼ੁਲਮ ਅਤੇ ਜ਼ਬਰ ਦੇ ਵਿਰੁੱਧ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿੰਨੀ ਵਾਰ ਯੁੱਧ ਲੜਨੇ ਪਏ ਅਤੇ ਕਿੱਥੇ ਕਿੱਥੇ?

ਉਤਰ: ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜ਼ੁਲਮ ਅਤੇ ਜ਼ਬਰ ਦੇ ਵਿਰੁੱਧ 4 ਜੰਗਾਂ ਲੜੀਆਂ। ਪਹਿਲੀ ਸ੍ਰੀ ਅੰਮ੍ਰਿਤਸਰ ਵਿਚ, ਦੂਜੀ ਸ੍ਰੀ ਹਰਗੋਬਿੰਦਪੁਰ ਜ਼ਿਲਾ ਗੁਰਦਾਸਪੁਰ, ਤੀਜੀ ਗੁਰੂਸਰ ਮਹਿਰਾਜ ਜ਼ਿਲਾ ਬਠਿੰਡਾ ਅਤੇ ਚੌਥੀ ਜੰਗ ਕਰਤਾਰਪੁਰ ਜ਼ਿਲਾ ਜਲੰਧਰ।

ਪ੍ਰਸ਼ਨ: ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦਾ ਕੀ ਨਾਮ ਸੀ? ਉਹਨਾਂ ਦੇ ਕਿੰਨੇ ਭਰਾ ਸਨ? ਉਹਨਾਂ ਦੇ ਨਾਮ ਦੱਸੋ?

ਉਤਰ: ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਦਾ ਨਾਮ ਬੀਬੀ ਭਾਨੀ ਜੀ ਅਤੇ ਪਿਤਾ ਜੀ ਦਾ ਨਾਮ ਗੁਰੂ ਰਾਮ ਦਾਸ ਜੀ ਸੀ। ਉਹਨਾਂ ਦੇ ਦੋ ਵੱਡੇ ਭਰਾ ਸਨ, ਜਿਹਨਾਂ ਦੇ ਨਾਮ ਬਾਬਾ ਪ੍ਰਿਥੀ ਚੰਦ ਅਤੇ ਬਾਬਾ ਮਹਾਂ ਦੇਵ ਜੀ ਸੀ।

ਪ੍ਰਸ਼ਨ: ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਦੀ ਕਦੋਂ ਬਖਸ਼ਿਸ਼ ਹੋਈ? ਉਸ ਸਮੇਂ ਉਹਨਾਂ ਦੀ ਉਮਰ ਕਿੰਨੀ ਸੀ ਅਤੇ ਉਹ ਕਿਤਨਾ ਸਮਾਂ ਗੁਰਗੱਦੀ ਤੇ ਸੁਭਾਏਮਾਨ ਰਹੇ?

ਉਤਰ: ਗੁਰੂ ਅਰਜਨ ਦੇਵ ਜੀ ਨੂੰ ਗੁਰੂ ਰਾਮਦਾਸ ਜੀ ਨੇ 1581 ਈਸਵੀ ਵਿਚ ਗੁਰਤਾ ਗੱਦੀ ਦੀ ਬਖਸ਼ਿਸ਼ ਕੀਤੀ। ਉਸ ਸਮੇਂ ਉਹਨਾਂ ਦੀ ਉਮਰ 18 ਸਾਲ 4 ਮਹੀਨੇ ਸੀ। ਗੁਰੂ ਸਾਹਿਬ ਜੀ 24 ਸਾਲ 9 ਮਹੀਨੇ ਗੁਰਗੱਦੀ ਤੇ ਸੁਭਾਏਮਾਨ ਰਹੇ।

ਪ੍ਰਸ਼ਨ: ਗੁਰੂ ਰਾਮਦਾਸ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦਾ ਕੀ ਨਾਮ ਸੀ? ਉਹਨਾਂ ਨੇ ਆਪਣਾ ਬਚਪਨ ਕਿਥੇ ਗੁਜ਼ਾਰਿਆ ਅਤੇ ਕਿਉਂ?

ਉਤਰ: ਗੁਰੂ ਰਾਮਦਾਸ ਜੀ ਦੇ ਮਾਤਾ ਜੀ ਦਾ ਨਾਮ ਦਇਆ ਕੌਰ ਜੀ ਸੀ ਅਤੇ ਪਿਤਾ ਜੀ ਦਾ ਨਾਮ ਸ੍ਰੀ ਹਰਿਦਾਸ ਜੀ ਸੀ। ਉਹਨਾਂ ਨੂੰ ਆਪਣਾ ਬਚਪਨ ਪਿੰਡ ਬਾਸਰਕੇ ਵਿਚ ਆਪਣੀ ਨਾਨੀ ਜੀ ਕੋਲ ਗੁਜ਼ਾਰਨਾ ਪਿਆ ਕਿਉਂਕਿ ਉਹਨਾਂ ਦੇ ਮਾਤਾ ਜੀ ਅਤੇ ਪਿਤਾ ਜੀ ਉਹਨਾ ਦੇਬਚਪਨ ਵਿਚ ਹੀ ਪ੍ਰਮਾਤਮਾ ਨੂੰ ਪਿਆਰੇ ਹੋ ਗਏ ਸਨ।

ਪ੍ਰਸ਼ਨ: ਗੁਰੂ ਰਾਮਦਾਸ ਜੀ ਨੂੰ ਗੁਰਤਾ ਗੱਦੀ ਦੀ ਕਦੋਂ ਅਤੇ ਕਿਥੇ ਬਖਸ਼ਿਸ਼ ਹੋਈ? ਉਸ ਸਮੇਂ ਉਹਨਾਂ ਦੀ ਉਮਰ ਕਿੰਨੀ ਸੀ ਅਤੇ ਉਹ ਕਿਤਨਾ ਸਮਾਂ ਗੁਰਗੱਦੀ ਤੇ ਸੁਭਾਏਮਾਨ ਰਹੇ?

ਉਤਰ: ਗੁਰੂ ਰਾਮਦਾਸ ਜੀ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਚ 1574 ਈਸਵੀ ਵਿਚ ਗੁਰਤਾ ਗੱਦੀ ਦੀ ਬਖਸ਼ਿਸ਼ ਹੋਈ। ਉਸ ਸਮੇਂ ਉਹਨਾਂ ਦੀ ਉਮਰ 40 ਸਾਲ ਸੀ। ਗੁਰੂ ਸਾਹਿਬ ਜੀ 7 ਸਾਲ ਗੁਰਗੱਦੀ ਤੇ ਸੁਭਾਏਮਾਨ ਰਹੇ।

ਪ੍ਰਸ਼ਨ: ਗੁਰੂ ਰਾਮਦਾਸ ਜੀ ਦੀ ਕਿੰਨੀ ਬਾਣੀ ਕਿੰਨੇ ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ?

ਉਤਰ: ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿਚ ਬਾਣੀ ਦਾ ਉਚਾਰਣ ਕੀਤਾ ਜੋ ਕਿ 679 ਸ਼ਬਦਾਂ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।

ਪ੍ਰਸ਼ਨ: ਗੁਰੂ ਅਮਰ ਦਾਸ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦਾ ਕੀ ਨਾਮ ਸੀ? ਉਹ ਕਿਥੇ ਰਹਿੰਦੇ ਸਨ ਅਤੇ ਕੀ ਕੰਮ ਕਰਦੇ ਸਨ?

ਉਤਰ: ਗੁਰੂ ਅਮਰ ਦਾਸ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਸੁਲੱਖਣੀ ਜੀ ਅਤੇ ਪਿਤਾ ਜੀ ਦਾ ਨਾਮ ਸ੍ਰੀ ਤੇਜ ਭਾਨ ਜੀ ਸੀ। ਉਹ ਪਿੰਡ ਬਾਸਰਕੇ ਗਿੱਲਾਂ ਵਿਚ ਰਹਿੰਦੇ ਸਨ ਅਤੇ ਆਪਣੇ ਗੁਜ਼ਰਾਨ ਲਈ ਖੇਤੀਬਾੜੀ ਅਤੇ ਦੁਕਾਨਦਾਰੀ ਕਰਦੇ ਸਨ।

ਪ੍ਰਸ਼ਨ: ਗੁਰੂ ਅਮਰ ਦਾਸ ਜੀ ਦਾ ਵਿਆਹ ਕਦੋਂ ਅਤੇ ਕਿਸ ਨਾਲ ਹੋਇਆ? ਉਹਨਾਂ ਦੇ ਕਿੰਨੇ ਬੱਚੇ ਸਨ? ਉਹਨਾਂ ਦੇ ਨਾਮ ਦੱਸੋ?

ਉਤਰ: ਗੁਰੂ ਅਮਰ ਦਾਸ ਜੀ ਦਾ ਵਿਆਹ 1502 ਈਸਵੀ ਵਿਚ ਬੀਬੀ ਰਾਮ ਕੌਰ ਜੀ ਨਾਲ ਹੋਇਆ। ਉਹਨਾਂ ਦੇ ਚਾਰ ਬੱਚੇ ਸਨ। ਦੋ ਸਪੁੱਤਰ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਸਨ। ਦੋ ਸਪੁੱਤਰੀਆਂ ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ਸਨ।

ਪ੍ਰਸ਼ਨ: ਗੁਰੂ ਅਮਰ ਦਾਸ ਜੀ ਨੂੰ ਗੁਰਤਾ ਗੱਦੀ ਦੀ ਕਦੋਂ ਅਤੇ ਕਿਥੇ ਬਖਸ਼ਿਸ਼ ਹੋਈ? ਉਸ ਸਮੇਂ ਉਹਨਾਂ ਦੀ ਉਮਰ ਕਿੰਨੀ ਸੀ ਅਤੇ ਉਹ ਕਿਤਨਾ ਸਮਾਂ ਗੁਰਗੱਦੀ ਤੇ ਸੁਭਾਏਮਾਨ ਰਹੇ?

ਉਤਰ: ਗੁਰੂ ਅਮਰ ਦਾਸ ਜੀ ਨੂੰ ਸ੍ਰੀ ਖ਼ਡੂਰ ਸਾਹਿਬ ਵਿਚ 1552 ਈਸਵੀ ਵਿਚ ਗੁਰਤਾ ਗੱਦੀ ਦੀ ਬਖਸ਼ਿਸ਼ ਹੋਈ। ਉਸ ਸਮੇਂ ਉਹਨਾਂ ਦੀ ਉਮਰ 73 ਸਾਲ ਸੀ। ਗੁਰੂ ਸਾਹਿਬ ਜੀ 22 ਸਾਲ 5 ਮਹੀਨੇ ਗੁਰਗੱਦੀ ਤੇ ਸੁਭਾਏਮਾਨ ਰਹੇ।

ਪ੍ਰਸ਼ਨ: ਗੁਰੂ ਅਮਰ ਦਾਸ ਜੀ ਨੇ ਸਿੱਖੀ ਦੇ ਪਾਸਾਰ ਅਤੇ ਪ੍ਰਚਾਰ ਲਈ ਕਿਹੜੇ ਕਿਹੜੇ ਕੰਮ ਕੀਤੇ?

ਉਤਰ: ਗੁਰੂ ਅਮਰ ਦਾਸ ਜੀ ਨੇ ਸਿੱਖੀ ਦੇ ਪਾਸਾਰ ਅਤੇ ਪ੍ਰਚਾਰ ਲਈ ਪੂਰੇ ਦੇਸ਼ ਦੇ ਇਲਾਕਿਆਂ ਦੇ ਹਿਸਾਬ ਨਾਲ 22 ਮੰਜੀਆਂ ਦੀ ਸਥਾਪਨਾ ਕੀਤੀ। ਮੰਜੀ ਤੋਂ ਭਾਵ ਧਰਮ ਪ੍ਰਚਾਰ ਦੇ ਕੇਂਦਰ ਬਣਾਏ। ਇਹਨਾਂ ਮੰਜੀਆਂ ਤੋਂ ਬਾਅਦ ਜਦੋਂ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ ਅਤੇ ਗੁਰੂ

ਸਾਹਿਬ ਜੀ ਨੇ ਹੋਰ ਪ੍ਰਚਾਰਕਾਂ ਦੀ ਲੋੜ ਮਹਿਸੂਸ ਕੀਤੀ ਤਾਂ ਉਹਨਾਂ ਨੇ 52 ਪੀੜਿਆਂ ਦੀ ਸਥਾਪਨਾ ਕੀਤੀ ।

ਪ੍ਰਸ਼ਨ: ਗੁਰੂ ਅਮਰ ਦਾਸ ਜੀ ਨੇ ਸਮਾਜ ਵਿਚ ਫ਼ੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਕਿਹੜੇ ਕਿਹੜੇ ਕੰਮ ਕੀਤੇ?

ਉਤਰ: ਗੁਰੂ ਅਮਰ ਦਾਸ ਜੀ ਨੇ ਸਮਾਜ ਵਿਚ ਉਚੀਆਂ ਜਾਤਾਂ ਵੱਲੋਂ ਫ਼ੈਲਾਈਆਂ ਗਈਆਂ ਕਈ ਬੁਰਾਈਆਂ ਨੂੰ ਦੂਰ ਕਰਨ ਲਈ ਇਹ ਯਤਨ ਕੀਤੇ:

1. ਗੁਰੂ ਸਾਹਿਬ ਦੇ ਦਰਸ਼ਨ ਕਰਨ ਆਉਣ ਵਾਲੀ ਸਾਰੀ ਸੰਗਤ ਲਈ ਇਹ ਜ਼ਰੂਰੀ ਕਰ ਦਿੱਤਾ ਗਿਆ ਕਿ ਪਹਿਲਾਂ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਜਾਵੇ ਤਾਂ ਹੀ ਗੁਰੂ ਸਾਹਿਬ ਜੀ ਦੇ ਦਰਸ਼ਨ ਹੋ ਸਕਣਗੇ। "ਪਹਿਲੇ ਪੰਗਤ ਪਾਛੈ ਸੰਗਤ" ਦੇ ਇਸ ਸਿਧਾਂਤ ਨਾਲ ਹਰ ਅਮੀਰ ਗਰੀਬ ਅਤੇ ਉੱਚੀ ਨੀਵੀਂ ਜਾਤ ਦੇ ਲੋਕਾਂ ਨੂੰ ਇਕੋ ਥਾਂ ਤੇ ਭੋਜਨ ਛਕਾਇਆ ਜਾਂਦਾ ਸੀ। ਇਸ ਨਾਲ ਜਾਤ ਪਾਤ ਅਤੇ ਅਮੀਰੀ ਗਰੀਬੀ ਦਾ ਭੇਦ ਭਾਵ ਖ਼ਤਮ ਹੋ ਗਿਆ ਸੀ।

2. ਉਸ ਸਮੇਂ ਉਚੀਆਂ ਜਾਤਾਂ ਅਤੇ ਨੀਵੀਆਂ ਜਾਤਾਂ ਲਈ ਪਾਣੀ ਦੇ ਖੂਹ ਵੱਖਰੇ ਹੁੰਦੇ ਸਨ। ਗੁਰੂ ਸਾਹਿਬ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਚ ਇਕ ਬਾਉਲੀ ਦਾ ਨਿਰਮਾਣ ਕਰਵਾਇਆ, ਜਿਥੇ ਹਰ ਕੋਈ ਬਿਨਾ ਭੇਦ ਭਾਵ ਤੋਂ ਇਸ਼ਨਾਨ ਵੀ ਕਰ ਸਕਦਾ ਸੀ ਅਤੇ ਪਾਣੀ ਵੀ ਭਰ ਸਕਦਾ ਸੀ।

3. ਉਹਨਾਂ ਨੇ ਸਮਾਜ ਵਿਚ 'ਸਤੀ ਪ੍ਰਥਾ' ਦੇ ਖਾਤਮੇ ਲਈ ਬਹੁਤ ਪ੍ਰਚਾਰ ਕੀਤਾ। ਆਪਣੇ ਸਿੱਖਾਂ ਸੇਵਕਾਂ ਨੂੰ ਵਿਧਵਾ ਵਿਆਹ ਲਈ ਪ੍ਰੇਰਤ ਕੀਤਾ। ਆਪਣੀ ਬਾਣੀ ਦੇ ਇਕ ਸਲੋਕ ਵਿਚ ਅਸਲ ਸਤੀਆਂ ਬਾਰੇ ਜਾਣਕਾਰੀ ਦਿੱਤੀ, "ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥ ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥ (ਪਾਵਨ ਅੰਗ 797)

4. ਪਰਦੇ ਦੀ ਰਸਮ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਸੰਗਤ ਵਿਚ ਆਉਣ ਵਾਲੀ ਹਰ ਔਰਤ ਨੂੰ ਇਹ ਹੁਕਮ ਸੀ ਕਿ ਉਹ ਘੁੰਡ ਕੱਢ ਕੇ ਨਾ ਆਵੇ।

ਪ੍ਰਸ਼ਨ: ਗੁਰੂ ਅਮਰ ਦਾਸ ਜੀ ਦੀ ਕਿੰਨੀ ਬਾਣੀ, ਕਿੰਨੇ ਰਾਗਾਂ ਅਤੇ ਕਿਹੜੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ?

ਉਤਰ: ਗੁਰੂ ਅਮਰ ਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 17 ਰਾਗਾਂ ਵਿਚ 907 ਸ਼ਬਦਾਂ ਦੇ ਰੂਪ ਵਿਚ ਦਰਜ ਹੈ। ਇਸ ਤੋਂ ਇਲਾਵਾ ਰਾਮਕਲੀ ਰਾਗ ਵਿਚ ਆਨੰਦ ਸਾਹਿਬ ਦੀ ਬਾਣੀ ਵੀ ਉਹਨਾਂ ਨੇ ਉਚਾਰੀ।

ਪ੍ਰਸ਼ਨ: ਗੁਰੂ ਅੰਗਦ ਦੇਵ ਜੀ ਦੇ ਮਾਤਾ ਜੀ ਅਤੇ ਪਿਤਾ ਜੀ ਦਾ ਕੀ ਨਾਮ ਸੀ? ਉਹ ਕਿੱਥੇ ਰਹਿੰਦੇ ਸਨ ਅਤੇ ਕੀ ਕੰਮ ਕਰਦੇ ਸਨ?

ਉਤਰ: ਗੁਰੂ ਅੰਗਦ ਦੇਵ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਦਇਆ ਕੌਰ ਜੀ ਅਤੇ ਪਿਤਾ ਜੀ ਦਾ ਨਾਮ ਭਾਈ ਫ਼ੇਰੂ ਮੱਲ ਜੀ ਸੀ। ਉਹ ਨਗਰ ਖ਼ਡੂਰ ਸਾਹਿਬ ਵਿਚ ਰਹਿੰਦੇ ਸਨ ਅਤੇ ਆਪਣੇ ਗੁਜ਼ਰਾਨ ਲਈ ਦੁਕਾਨਦਾਰੀ ਕਰਦੇ ਸਨ।

ਪ੍ਰਸ਼ਨ: ਗੁਰੂ ਅੰਗਦ ਦੇਵ ਜੀ ਦੀ ਕਿੰਨੀ ਬਾਣੀ, ਕਿੰਨੇ ਰਾਗਾਂ ਅਤੇ ਕਿਹੜੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ?

ਉਤਰ: ਗੁਰੂ ਅੰਗਦ ਦੇਵ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 10 ਰਾਗਾਂ ਵਿਚ 63 ਸਲੋਕਾਂ ਦੇ ਰੂਪ ਵਿਚ ਦਰਜ ਹੈ।

ਪ੍ਰਸ਼ਨ: ਗੁਰੂ ਅੰਗਦ ਦੇਵ ਜੀ ਦਾ ਵਿਆਹ ਕਦੋਂ ਅਤੇ ਕਿਸ ਨਾਲ ਹੋਇਆ? ਉਹਨਾਂ ਦੇ ਕਿੰਨੇ ਬੱਚੇ ਸਨ? ਉਹਨਾਂ ਦੇ ਨਾਮ ਦੱਸੋ?

ਉਤਰ: ਗੁਰੂ ਅੰਗਦ ਦੇਵ ਜੀ ਦਾ ਵਿਆਹ 1504 ਈਸਵੀ ਵਿਚ ਮਾਤਾ ਖੀਵੀ ਜੀ ਨਾਲ ਹੋਇਆ। ਉਹਨਾਂ ਦੇ ਚਾਰ ਬੱਚੇ ਸਨ। ਦੋ ਸਪੁੱਤਰ ਸ੍ਰੀ ਦਾਸੂ ਜੀ ਅਤੇ ਸ੍ਰੀ ਦਾਤੂ ਜੀ ਸਨ। ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਸਨ।

ਪ੍ਰਸ਼ਨ: ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਗੱਦੀ ਦੀ ਕਦੋਂ ਅਤੇ ਕਿਥੇ ਬਖਸ਼ਿਸ਼ ਹੋਈ? ਉਸ ਸਮੇਂ ਉਹਨਾਂ ਦੀ ਉਮਰ ਕਿੰਨੀ ਸੀ ਅਤੇ ਉਹ ਕਿਤਨਾ ਸਮਾਂ ਗੁਰਗੱਦੀ ਤੇ ਸੁਭਾਏਮਾਨ ਰਹੇ?

ਉਤਰ: ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਕਰਤਾਰ ਪੁਰ ਸਾਹਿਬ (ਹੁਣ ਪਾਕਿਸਤਾਨ ਵਿਚ) ਵਿਚ 1539 ਈਸਵੀ ਵਿਚ ਗੁਰਤਾ ਗੱਦੀ ਦੀ ਬਖਸ਼ਿਸ਼ ਹੋਈ। ਉਸ ਸਮੇਂ ਉਹਨਾਂ ਦੀ ਉਮਰ 35 ਸਾਲ ਸੀ। ਗੁਰੂ ਸਾਹਿਬ ਜੀ 13 ਸਾਲ ਗੁਰਗੱਦੀ ਤੇ ਸੁਭਾਏਮਾਨ ਰਹੇ।

ਪ੍ਰਸ਼ਨ: ਗੁਰੂ ਨਾਨਕ ਦੇਵ ਜੀ ਦਾ ਵਿਆਹ ਕਦੋਂ ਅਤੇ ਕਿਸ ਨਾਲ ਹੋਇਆ? ਉਹਨਾਂ ਦੇ ਕਿੰਨੇ ਬੱਚੇ ਸਨ? ਉਹਨਾਂ ਦੇ ਨਾਮ ਦੱਸੋ?

ਉਤਰ: ਗੁਰੂ ਨਾਨਕ ਦੇਵ ਜੀ ਦਾ ਵਿਆਹ 1487 ਈਸਵੀ ਨੂੰ 18 ਸਾਲ ਦੀ ਉਮਰ ਵਿਚ ਮਾਤਾ ਸੁਲੱਖਣੀ ਜੀ ਨਾਲ ਹੋਇਆ। ਉਹਨਾਂ ਦੇ ਦੋ ਸਪੁੱਤਰ ਸਨ। ਬਾਬਾ ਸ੍ਰੀ ਚੰਦ ਜੀ ਅਤੇ ਸ੍ਰੀ ਲਖਮੀ ਦਾਸ ਜੀ ਸਨ।

ਪ੍ਰਸ਼ਨ: ਗੁਰੂ ਨਾਨਕ ਦੇਵ ਜੀ ਨੂੰ ਗੁਰਤਾ ਗੱਦੀ ਦੀ ਕਦੋਂ ਅਤੇ ਕਿਥੇ ਬਖਸ਼ਿਸ਼ ਹੋਈ? ਉਸ ਸਮੇਂ ਉਹਨਾਂ ਦੀ ਉਮਰ ਕਿੰਨੀ ਸੀ ਅਤੇ ਉਹ ਕਿਤਨਾ ਸਮਾਂ ਗੁਰਗੱਦੀ ਤੇ ਸੁਭਾਏਮਾਨ ਰਹੇ?

ਉਤਰ: ਗੁਰੂ ਨਾਨਕ ਦੇਵ ਜੀ ਆਪਣੇ ਪ੍ਰਕਾਸ਼ ਦੇ ਸਮੇਂ ਤੋਂ ਹੀ ਅਰਥਾਤ 1469 ਈਸਵੀ ਤੋਂ ਗੁਰੂ ਪਦ ਤੇ ਸੁਸ਼ੋਭਿਤ ਸਨ। ਗੁਰਬਾਣੀ ਅਨੁਸਾਰ ਉਹ 'ਆਪਿ ਨਰਾਇਣੁ' ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਪ੍ਰਮਾਣ ਹਨ ਕਿ 'ਗੁਰੂ' ਅਤੇ 'ਪਰਮੇਸ਼ਰ' ਵਿਚ ਕੋਈ ਭੇਦ ਨਹੀਂ ਹੈ। ਪਾਵਨ ਅੰਗ 864 ਉਪਰ "ਗੁਰੁ ਪਰਮੇਸਰੁ ਏਕੋ ਜਾਣ" ਦਾ ਉਪਦੇਸ਼ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀ 29ਵੀਂ ਵਾਰ ਵਿਚ ਇਹ ਦਰਜ ਕੀਤਾ,"ਗੁਰੁ ਪਰਮੇਸਰੁ ਇਕੁ ਜਾਣਿ ਗੁਰਮੁਖਿ ਦੂਜਾ ਭਾਉ ਮਿਟਾਇਆ॥ " ਗੁਰੂ ਨਾਨਕ ਸਾਹਿਬ ਜੀ 1539 ਈਸਵੀ ਤੱਕ 70 ਸਾਲ ਗੁਰਗੱਦੀ ਤੇ ਸੁਭਾਏਮਾਨ ਰਹੇ।

ਪ੍ਰਸ਼ਨ: ਗੁਰੂ ਨਾਨਕ ਦੇਵ ਜੀ ਦੀਆਂ ਕਿੰਨੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ ਅਤੇ ਉਹ ਕਿੰਨੇ ਪਾਵਨ ਅੰਗ ਤੇ ਦਰਜ ਹਨ?

ਉਤਰ: ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ, ਜਿਹਨਾਂ ਦੇ ਨਾਮ ਅਤੇ ਆਰੰਭ ਹੋਣ ਦੇ ਪਾਵਨ ਅੰਗ ਇਸ ਤਰ੍ਹਾਂ ਹਨ: ਪਹਿਲੀ ਮਾਝ ਕੀ ਵਾਰ - ਪਾਵਨ ਅੰਗ 137 ਤੋਂ, ਦੂਜੀ ਆਸਾ ਦੀ ਵਾਰ-ਪਾਵਨ ਅੰਗ 462 ਤੋਂ ਅਤੇ ਤੀਜੀ ਮਲਾਰ ਕੀ ਵਾਰ-ਪਾਵਨ ਅੰਗ 1278 ਤੋਂ ਆਰੰਭ।

ਪ੍ਰਸ਼ਨ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੀਆਂ ਵਾਰਾਂ ਦਰਜ ਹਨ ਅਤੇ ਕਿਹੜੇ ਗੁਰੂ ਸਾਹਿਬਾਨ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ ਹੈ?

ਉਤਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 22 ਵਾਰਾਂ ਦਰਜ ਹਨ। ਗੁਰੂ ਨਾਨਕ ਸਾਹਿਬ ਜੀ ਦੀਆਂ 3, ਗੁਰੂ ਅਮਰਦਾਸ ਜੀ ਦੀਆਂ 4, ਗੁਰੂ ਰਾਮਦਾਸ ਜੀ ਦੀਆਂ 8 ਅਤੇ ਗੁਰੂ ਅਰਜਨ ਦੇਵ ਜੀ ਦੀਆਂ 6 ਵਾਰਾਂ ਦਰਜ ਹਨ। ਇਕ ਵਾਰ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਦੀ ਹੈ।

ਪ੍ਰਸ਼ਨ: ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਮੁੱਖ ਕਾਰਜਾਂ ਦੇ ਬਾਰੇ ਦੱਸੋ?

ਉਤਰ: ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਨੂੰ ਹੋਰ ਉਚਾਈ ਤੇ ਲੈ ਜਾਣ ਲਈ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿਪੀ ਬਣਾਈ। ਆਪਣੀ ਸੁਪਤਨੀ ਮਾਤਾ ਖੀਵੀ ਜੀ ਨੂੰ ਹੱਥ ਵਿਚ ਕੜਛਾ ਫੜਾ ਕੇ 'ਲੰਗਰ ਦੌਲਤ' ਵੰਡਣ ਦਾ ਹੁਕਮ ਦਿੱਤਾ। ਸਿਹਤ ਸਬੰਧੀ ਵਿਸ਼ੇਸ਼ ਤੌਰ ਤੇ ਜਾਗਰੂਕ ਕੀਤਾ ਅਤੇ ਨੌਜਵਾਨਾਂ ਦੀਆਂ ਕੁਸ਼ਤੀਆਂ ਲਈ ਮੱਲ ਅਖ਼ਾੜਿਆਂ ਦਾ ਨਿਰਮਾਣ ਕਰਵਾਇਆ।

ਪ੍ਰਸ਼ਨ: ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰਮਤਾ ਕਿਸ ਨੂੰ ਕਿਹਾ ਜਾਂਦਾ ਹੈ?

ਉਤਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਸਿੰਘ ਸਾਹਿਬਾਨ ਸਿੱਖੀ ਸਿਧਾਂਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਪੰਥ ਦੀ ਭਲਾਈ ਲਈ ਜੋ ਮਤਾ ਪਾਸ ਕਰਦੇ ਹਨ, ਉਸ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਪ੍ਰਸ਼ਨ: ਗੁਰਦੁਆਰਾ ਕਿਸ ਨੂੰ ਕਹਿੰਦੇ ਹਨ?

ਉਤਰ: ਸਿੱਖਾਂ ਦਾ ਧਰਮ ਅਸਥਾਨ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਅਤੇ 'ਗੁਰੂ' ਸਾਹਿਬ ਜੀ 'ਦੁਆਰਾ' ਦਿੱਤੇ ਉਪਦੇਸ਼ਾਂ ਅਤੇ ਸਿਧਾਤਾਂ ਦਾ ਪ੍ਰਚਾਰ ਹੋਵੇ, ਨੂੰ ਗੁਰਦੁਆਰਾ ਕਹਿੰਦੇ ਹਨ। ਭਾਈ ਕਾਹਨ ਸਿੰਘ ਜੀ ਨਾਭਾ ਦੇ ਮਹਾਨਕੋਸ਼ ਅਨੁਸਾਰ ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸੂਆਂ ਲਈ ਗਿਆਨ ਦਾ ਉਪਦੇਸ਼ ਦੇਣ ਵਾਲਾ ਅਧਿਆਪਕ, ਰੋਗੀਆਂ ਲਈ ਦਵਾਖ਼ਾਨਾ, ਭੁਖਿਆਂ ਲਈ ਅੰਨਪੂਰਨਾ, ਇਸਤ੍ਰੀ ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ (ਕਿਲਾ) ਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।

ਪ੍ਰਸ਼ਨ: ਕੜਾਹ ਪ੍ਰਸ਼ਾਦ ਨੂੰ 'ਪੰਚ ਅੰਮ੍ਰਿਤ ਕੜਾਹ ਪ੍ਰਸ਼ਾਦ' ਕਿਉਂ ਕਹਿੰਦੇ ਹਨ?

ਉਤਰ: ਕਿਉਂਕਿ ਇਸ ਨੂੰ ਤਿਆਰ ਕਰਨ ਲਈ ਪੰਜ ਵਸਤਾਂ ਦੀ ਲੋੜ ਹੁੰਦੀ ਹੈ। ਪਹਿਲੀ ਦੇਸੀ ਘਿਉ, ਦੂਜੀ ਆਟਾ, ਤੀਜੀ ਖੰਡ, ਚੌਥੀ ਪਾਣੀ ਅਤੇ ਪੰਜਵੀ ਅਗਨੀ।

ਪ੍ਰਸ਼ਨ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਸਰੂਪ ਅਰਬੀ ਭਾਸ਼ਾ ਵਿਚ ਲਿਖ ਕੇ ਅਰਬ ਦੇਸ਼ ਨੂੰ ਭੇਜਿਆ ਗਿਆ ਸੀ, ਜੋ ਕਿ ਅੱਜ ਵੀ ਬਰਕਲੇ ਯੂਨੀਵਰਸਿਟੀ ਵਿਚ ਮੌਜੂਦ ਹੈ। ਉਸ ਦਾ ਲਿਖਾਰੀ ਕੌਣ ਸੀ?

ਉਤਰ: ਧੰਨ ਧੰਨ ਬਾਬਾ ਦੀਪ ਸਿੰਘ ਜੀ।

****************

# ਗੁਰੂ ਅਰਜਨ ਦੇਵ ਜੀ ਦੁਆਰਾ ਰਚੀ ਕੁੱਲ ਬਾਣੀ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਵੇਰਵਾ ਹੇਠ ਅਨੁਸਾਰ ਹੈ:

- ਕੁੱਲ ਸ਼ਬਦ :1345
- ਕੁੱਲ ਅਸ਼ਟਪਦੀਆਂ :62
- ਕੁੱਲ ਵਾਰਾਂ :6
- ਕੁੱਲ ਛੰਤ :63
- ਕੁੱਲ ਸਲੋਕ :290
- ਕੁੱਲ ਸਲੋਕ ਸਹਸਕ੍ਰਿਤੀ :67
- ਕੁੱਲ ਪਉੜੀਆਂ :117

ਇਹਨਾਂ ਤੋਂ ਇਲਾਵਾ ਕੁਝ ਵਿਸ਼ੇਸ਼ ਬਾਣੀਆਂ ਦੀ ਵੀ ਰਚਨਾ ਕੀਤੀ:

- ਸੁਖਮਨੀ ਸਾਹਿਬ
- ਬਾਰਹ ਮਾਹਾ ਮਾਝ
- ਬਾਵਨ ਅੱਖਰੀ
- ਗੁਣਵੰਤੀ
- ਸੋਲਹੇ
- ਅੰਜੁਲੀਆਂ
- ਫ਼ੁਨਹੇ
- ਚਉਬੋਲੇ
- ਬਿਰਹੜੇ
- ਦਿਨ ਰੈਣਿ
- ਗਾਥਾ
- ਸਵੱਯੇ
- ਰੁੱਤੀ

*********************

## ਜੁੱਗੋ ਜੁੱਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਕੀ ਅਸੀਂ ਜਾਣਦੇ ਹਾਂ ਕਿ

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਨਾਮ ਪੋਥੀ ਸਾਹਿਬ ਸੀ।
- ਪੋਥੀ ਸਾਹਿਬ ਜੀ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ।
- ਪੋਥੀ ਸਾਹਿਬ ਜੀ ਦੀ ਸੰਪੂਰਨਤਾ 30 ਅਗਸਤ, 1604 ਈਸਵੀ ਵਿਚ ਹੋਈ।
- ਪੋਥੀ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਬਾਬਾ ਬੁੱਢਾ ਜੀ ਨੇ 1 ਸਿਤੰਬਰ, 1604 ਈਸਵੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਸੀ। ਬਾਅਦ ਵਿਚ ਨਾਂਦੇੜ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਦੀ ਪਦਵੀ ਦਿੱਤੀ ਗਈ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪਾਵਨ ਅੰਗ ਹਨ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 13 ਪ੍ਰਾਦੇਸ਼ਿਕ ਭਾਸ਼ਾਵਾਂ ਤੋਂ ਇਲਾਵਾ ਸੰਸਕ੍ਰਿਤ ਭਾਸ਼ਾ ਦਾ ਵੀ ਪ੍ਰਯੋਗ ਕੀਤਾ ਗਿਆ ਹੈ ਪ੍ਰੰਤੂ ਲਿਪੀ ਗੁਰਮੁੱਖੀ ਹੀ ਵਰਤੀ ਗਈ ਹੈ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁੱਖ ਭਾਸ਼ਾ ਪੰਜਾਬੀ ਹੈ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 10,24,000 ਅੱਖਰ ਹਨ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ 31 ਰਾਗਾਂ ਵਿਚ ਦਰਜ ਕੀਤੀ ਗਈ ਹੈ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇ ਗੁਰੂ ਸਾਹਿਬਾਨ ਜੀ ਦੀ ਬਾਣੀ ਹੈ। ਉਹਨਾਂ ਦੇ ਨਾਮ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰ ਦਾਸ ਜੀ, ਸ੍ਰੀ ਗੁਰੂ ਰਾਮ ਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 15 ਵੱਖ ਵੱਖ ਜਾਤੀਆਂ ਦੇ ਭਗਤਾਂ ਦੀ ਬਾਣੀ ਹੈ। ਉਹਨਾਂ ਦੇ ਨਾਮ ਹਨ: ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤਿਰਲੋਚਨ ਜੀ, ਭਗਤ ਧੰਨਾ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਸੂਰਦਾਸ ਜੀ, ਭਗਤ ਫ਼ਰੀਦ ਜੀ, ਭਗਤ ਪਰਮਾ ਨੰਦ ਜੀ, ਭਗਤ ਸਦਨਾ ਜੀ ਭਗਤ ਬੇਣੀ ਜੀ, ਭਗਤ ਭੀਖਨ ਜੀ, ਭਗਤ ਜੈ ਦੇਵ ਜੀ ਅਤੇ ਭਗਤ ਰਾਮਾ ਨੰਦ ਜੀ।

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 4 ਗੁਰਸਿੱਖਾਂ ਦੀ ਬਾਣੀ ਵੀ ਦਰਜ ਹੈ, ਨਾਮ ਹਨ: ਰਬਾਬੀ ਭਾਈ ਮਰਦਾਨਾ ਜੀ, ਬਾਬਾ ਸੁੰਦਰ ਜੀ, ਰਬਾਬੀ ਭਾਈ ਸੱਤਾ ਜੀ ਅਤੇ ਰਬਾਬੀ ਭਾਈ ਬਲਵੰਡ ਜੀ।

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 11 ਭੱਟ ਸਾਹਿਬਾਨ ਜੀ ਦੀ ਬਾਣੀ ਹੈ, ਜਿਹਨਾਂ ਦੇ ਨਾਮ ਹਨ: ਭੱਟ ਕਲ੍ਹ ਸਹਾਰ ਜੀ, ਭੱਟ ਜਾਲਪ ਜੀ, ਭੱਟ ਕੀਰਤ ਜੀ, ਭੱਟ ਭਿਖਾ ਜੀ, ਭੱਟ ਸਲ੍ਹ ਜੀ, ਭੱਟ ਭੱਲ੍ਹ ਜੀ, ਭੱਟ ਬਲ੍ਹ ਜੀ, ਭੱਟ ਨਲ੍ਹ ਜੀ, ਭੱਟ ਗਇੰਦ ਜੀ, ਭੱਟ ਮਥਰਾ ਜੀ ਅਤੇ ਭੱਟ ਹਰਿਬੰਸ ਜੀ।

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 5805 ਸ਼ਬਦ, ਸਲੋਕ ਅਤੇ ਸਵੱਯੇ ਹਨ।

*********************